ਸਥਾਪਿਤ 1942

Estd. 1942

# ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ

(ਨੈਕ ਅਕ੍ਰੈਡਿਟਡ)

ਪ੍ਰਾਸਪੈਕਟਸ

2024-25

ਤਿੰਨ ਨਵੇਂ ਪ੍ਰੋਫੈਸ਼ਨਲ ਕੋਰਸ



# GOVT. BRIJINDRA COLLEGE

## FARIDKOT

(Affiliated to Punjabi University, Patiala)


Tel. : 01639-250753 (Office & Fax)

e-mail : gcfaridkot@gmail.com

College Website : www.gcfdk.org

https://admission.punjab.gov.in/ (Punjab govt centralised admission Facilitation portal)


ਕੀਮਤ : ₹ 50/-



Sketch drawn by : Gagandeep

# ਕਾਲਜ ਧੁਨੀ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥
ਹਥੁ ਨ ਲਾਇ ਕੁਸੰਭੜੇ ਜਲਿ ਜਾਸੀ ਢੋਲਾ॥ ਰਹਾਉ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ॥
ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ॥
ਕਹੈ ਫ਼ਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥

– ਸ਼ੇਖ਼ ਫ਼ਰੀਦ (ਸੂਹੀ ਲਲਿਤ)



# ਸੰਦੇਸ਼

ਪਿਆਰੇ ਵਿਦਿਆਰਥੀਓ,

ਮਾਲਵਾ ਖੇਤਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ ਇੱਕ ਨਾਮਵਰ ਸੰਸਥਾ ਹੈ। ਮਾਨਵੀ ਸੱਭਿਅਤਾ ਦੇ ਵਿਕਾਸ ਵਿੱਚ ਵਿੱਦਿਅਕ ਸੰਸਥਾਵਾਂ ਵੱਡਾ ਰੋਲ ਅਦਾ ਕਰਦੀਆਂ ਹਨ। ਵਿੱਦਿਅਕ ਸੰਸਥਾਵਾਂ ਰਾਹੀਂ ਜ਼ਰੂਰੀ ਗਿਆਨ ਅਤੇ ਕਾਰਜ ਵਿਧੀਆਂ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਸ ਵਿੱਚ ਦਿੱਤਾ ਜਾਂਦਾ ਹੈ। ਇਸ ਸੰਸਥਾ ਦੀ ਸਥਾਪਨਾ 1942 ਈ: ਵਿੱਚ ਹੋਈ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਨੂੰ ਅਨਮੋਲ ਪ੍ਰਤਿਭਾ ਦੀ ਇੱਕ ਟਕਸਾਲ ਵਜੋਂ ਜਾਣਿਆ ਜਾਂਦਾ ਹੈ।

ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਨੇ ਵੱਖ-ਵੱਖ ਖੇਤਰਾਂ ਵਿੱਚ ਨਾਮਵਰ ਹਸਤੀਆਂ ਨੂੰ ਪੈਦਾ ਕੀਤਾ ਹੈ। ਇਹ ਸੰਸਥਾ ਯਤਨਸ਼ੀਲ ਹੈ ਅਜਿਹੀ ਅਧਿਆਪਨ ਸ਼ੈਲੀ ਅਪਣਾਉਣ ਲਈ ਜਿਸ ਵਿੱਚ ਰਸਮੀ ਮਾਨਤਾਵਾਂ ਅਤੇ ਆਧੁਨਿਕ ਵਿਗਿਆਨਿਕ ਦ੍ਰਿਸ਼ਟੀਕੋਣ ਦਾ ਸੁਮੇਲ ਹੋ ਸਕੇ। ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਦੇ ਨਾਲ-ਨਾਲ ਅਨੁਸ਼ਾਸ਼ਿਤ ਜੀਵਨ-ਜਾਂਚ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਵਿਕਸਤ ਕਰਨ ਲਈ ਇਹ ਸੰਸਥਾ ਯਤਨਸ਼ੀਲ ਹੈ। ਇਸ ਇਲਾਕੇ ਨਾਲ ਸਬੰਧਿਤ ਬਹੁ-ਗਿਣਤ ਵਿਦਿਆਰਥੀਆਂ ਦਾ ਸੁਨਹਿਰੀ ਭਵਿੱਖ ਬ੍ਰਿਜਿੰਦਰਾ ਕਾਲਜ ਵਿੱਚੋਂ ਹੋ ਕੇ ਹੀ ਲੰਘਦਾ ਹੈ।

ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਨੂੰ ਇਸ ਸੰਸਥਾ ਵਿੱਚ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ। ਇਸ ਸੰਸਥਾ ਨੇ ਲੰਮੇ ਸਮੇਂ ਤੋਂ ਅਕਾਦਮਿਕ, ਸੱਭਿਆਚਾਰਕ, ਖੇਡਾਂ ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਦੇ ਖੇਤਰ ਵਿੱਚ ਸਦਾ ਮੋਹਰੀ ਸਥਾਨ ਪ੍ਰਾਪਤ ਕੀਤਾ ਹੈ। ਇਸ ਨਾਮਵਰ ਸੰਸਥਾ ਤੋਂ ਸਿੱਖਿਆ ਹਾਸਲ ਕਰਕੇ ਗਏ ਵਿਦਿਆਰਥੀ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵੱਖ-ਵੱਖ ਖੇਤਰਾਂ ਵਿੱਚ ਤਰੱਕੀਆਂ ਕਰ ਰਹੇ ਹਨ।

ਮੈਂ ਵਿੱਦਿਅਕ ਸੈਸ਼ਨ 2024-25 ਲਈ ਇਸ ਸੰਸਥਾ ਦੇ ਵਿਹੜੇ ਵਿੱਚ ਪ੍ਰਵੇਸ਼ ਕਰਨ ਲਈ ਤੁਹਾਨੂੰ 'ਜੀ ਆਇਆਂ' ਕਹਿੰਦਾ ਹਾਂ ਅਤੇ ਤੁਹਾਡੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹਾਂ।

ਸ਼ੁਭ ਇੱਛਾਵਾਂ !

(ਰਾਜੇਸ਼ ਕੁਮਾਰ ਖਨਗਵਾਲ)
ਪ੍ਰਿੰਸੀਪਲ

# ਕਾਲਜ ਦੇ ਸਿਰਮੌਰ ਸਿਤਾਰੇ

## ਅਕਾਦਮਿਕ ਖੇਤਰ



| | | | | | | | |
|---|---|---|---|---|---|---|---|
| ਪੂਨਮ ਰਾਣੀ | ਸੋਨਾਲੀ | ਗੀਤਾ ਕੌਰ | ਧਰਮਪਾਲ | ਦੀਪਕ | ਖੁਸ਼ੀ ਗੋਇਲ | ਸਿਲਕੀ | ਨੈਨਸੀ ਸ਼ਰਮਾ |
| ਪਹਿਲਾ ਸਥਾਨ | ਪਹਿਲਾ ਸਥਾਨ, | ਪਹਿਲਾ ਸਥਾਨ, | ਪਹਿਲਾ ਸਥਾਨ, | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ |
| ਐਮ.ਏ. (ਪੰਜਾਬੀ) ਸਮੈ -I | ਐਮ.ਏ. (ਪੰਜਾਬੀ) ਸਮੈ -II | ਐਮ.ਏ. (ਪੰਜਾਬੀ) ਸਮੈ -II | ਐਮ.ਏ. (ਪੰਜਾਬੀ) ਸਮੈ -III, IV | ਐਮ.ਏ. (Eco.) ਸਮੈ -I, II | ਐਮ.ਏ. (Eco.) ਸਮੈ -III, IV | ਐਮ.ਏ. (Eco.) ਸਮੈ -III, IV | ਐਮ.ਏ. (Eng.) ਸਮੈ - I, II |



| | | | | | | | |
|---|---|---|---|---|---|---|---|
| ਮੁਸਕਾਨ | ਗੁਰਲੀਨ ਸਿੰਘ | ਸੁਮੀਤ | ਜਸਵਿੰਦਰ ਸਿੰਘ | ਮਨਪ੍ਰੀਤ ਕੌਰ | ਸ਼ੀਤਲ ਰਾਣੀ | ਧਨਿਕਸ਼ਾ | ਨੀਰਜ ਬਾਲਾ |
| ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ, | ਪਹਿਲਾ ਸਥਾਨ, | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ |
| ਐਮ.ਏ. (Eng.) ਸਮੈ - III, IV | ਐਮ.ਏ. ਮਿਊਜ਼ਿਕ ਵੋਕਲ ਸਮੈ - I, II | ਐਮ.ਏ. ਮਿਊਜ਼ਿਕ ਵੋਕਲ ਸਮੈ - II | ਐਮ.ਏ. ਮਿਊਜ਼ਿਕ ਵੋਕਲ ਸਮੈ - II | ਐਮ.ਏ. ਮਿਊਜ਼ਿਕ ਵੋਕਲ ਸਮੈ - III, IV | ਐਮ.ਐਸਸੀ. (ਕੈਮਿ.) ਸਮੈ - I, II | ਐਮ.ਐਸਸੀ. (ਕੈਮਿ.) ਸਮੈ - II | ਐਮ.ਐਸਸੀ. (ਕੈਮਿ.) ਸਮੈ - III, IV |



| | | | | | | | |
|---|---|---|---|---|---|---|---|
| ਅੰਮ੍ਰਿਤਾ | ਕਿਰਨਦੀਪ ਕੌਰ | ਸੁਖਮੀਤ ਸਿੰਘ | ਲਖਵੀਰ ਕੌਰ | ਪੂਜਾ ਰਾਣੀ | ਜਗਸੀਰ ਸਿੰਘ ਬਰਾੜ | ਦਿਸ਼ਾ ਗਰਗ | ਜਾਨਵੀ ਜੈਨ |
| ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ |
| ਬੀ.ਏ. ਸਮੈ -I | ਬੀ.ਏ. ਸਮੈ -II | ਬੀ.ਏ. ਸਮੈ -III | ਬੀ.ਏ. ਸਮੈ -IV | ਬੀ.ਏ. ਸਮੈ -V | ਬੀ.ਏ. ਸਮੈ -VI | B.Sc. (Med.) ਸਮੈ -I, II | B.Sc. (Med.) ਸਮੈ -III |



| | | | | | | | |
|---|---|---|---|---|---|---|---|
| ਦਵਿੰਦਰ ਕੌਰ | ਜਸ਼ਨਦੀਪ ਕੌਰ | ਚਹਿਕ ਜੈਨ | ਹਿਮੂ | ਖੁਸ਼ਪ੍ਰੀਤ ਕੌਰ | ਅਨਮੋਲਪ੍ਰੀਤ ਕੌਰ | ਨਰਿੰਦਰ ਸਿੰਘ | ਸੈਫ਼ੀ |
| ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ |
| B.Sc. (Med.) ਸਮੈ -IV | B.Sc. (Med.) ਸਮੈ -V | B.Sc. (Med.) ਸਮੈ -VI | B.Sc. (Non-Med.) ਸਮੈ -I, II | B.Sc. (Non-Med.) ਸਮੈ -III | B.Sc. (Non-Med.) ਸਮੈ -IV | B.Sc. (Non-Med.) ਸਮੈ -V, VI | B.Sc. Hons. in Agri. ਸਮੈ -VII |



| | | | | | | | |
|---|---|---|---|---|---|---|---|
| ਯਸ਼ਿਕਾ ਸ਼ਰਮਾ | ਦਿਕਸ਼ਾ | ਨਿਖਿਲ ਮਿੱਤਲ | ਗੁਸੀ | ਖੁਸ਼ੀ | ਰਿੰਕਲ ਪ੍ਰਜਾਪਤੀ | ਕੰਵਲਜੋਤ ਸਿੰਘ | ਇੰਦਰਪ੍ਰੀਤ ਸਿੰਘ |
| ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਦੂਜਾ ਸਥਾਨ ਬੀ.ਕਾਮ. ਸਮੈ -III | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ | ਪਹਿਲਾ ਸਥਾਨ |
| B.Sc. Hons. in Agri. ਸਮੈ -VIII | ਬੀ.ਕਾਮ. ਸਮੈ -I, II | ਬੀ.ਕਾਮ. ਸਮੈ -III | ਪਹਿਲਾ ਸਥਾਨ ਬੀ.ਕਾਮ. ਸਮੈ -IV | ਬੀ.ਕਾਮ. ਸਮੈ -V | ਬੀ.ਕਾਮ. ਸਮੈ -VI | ਬੀ.ਸੀ.ਏ. ਸਮੈ -I | ਬੀ.ਸੀ.ਏ. ਸਮੈ -II |



| | | |
|---|---|---|
| ਰਾਮ ਰਛਪਾਲ ਸਿੰਘ | ਵਿਸ਼ਵਜੀਤ ਪਾਲ | ਪ੍ਰਾਂਸ਼ੂ ਮੁਥਰੇਜਾ |
| ਪਹਿਲਾ ਸਥਾਨ | ਦੂਜਾ ਸਥਾਨ, ਬੀ.ਸੀ.ਏ. ਸਮੈ -III | ਪਹਿਲਾ ਸਥਾਨ |
| ਬੀ.ਸੀ.ਏ. ਸਮੈ -III | ਪਹਿਲਾ ਸਥਾਨ, ਬੀ.ਸੀ.ਏ. ਸਮੈ -IV | ਬੀ.ਸੀ.ਏ. ਸਮੈ -V, VI |

# ਕਾਲਜ ਦੇ ਸਿਰਮੌਰ ਸਿਤਾਰੇ

## ਖੇਡਾਂ ਦਾ ਖੇਤਰ



- **ਹਰਜੀਤ ਸਿੰਘ** — ਬੀ.ਏ. ਭਾਗ-ਪਹਿਲਾ, ਪਹਿਲਾ ਸਥਾਨ, ਸਪੈਸ਼ਲ ਉਲੰਪਿਕ ਵਰਲਡ ਗੇਮਜ਼ ਬਰਲਿਨ (ਜਰਮਨੀ)
- **ਰਜਨਦੀਪ ਕੌਰ** — ਬੀ.ਏ. ਭਾਗ-ਦੂਜਾ, ਪਹਿਲਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਮਨਪ੍ਰੀਤ ਕੌਰ** — ਬੀ.ਏ. ਭਾਗ-ਪਹਿਲਾ, ਪਹਿਲਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਅਕਾਸ਼ਦੀਪ ਸਿੰਘ** — ਬੀ.ਏ. ਭਾਗ-ਤੀਜਾ, ਤੀਸਰਾ ਸਥਾਨ, ਆਲ ਇੰਡੀਆ ਇੰਟਰ ਯੂਨੀ. ਗੱਤਕਾ (ਫਰੀ ਸੋਟੀ)
- **ਗੁਰਲੀਨ ਕੌਰ** — ਬੀ.ਐਸ.ਸੀ. (ਮੈਡੀ.)-ਭਾਗ ਪਹਿਲਾ, ਪਿਸਟਲ ਸ਼ੂਟਿੰਗ-ਤੀਸਰਾ ਸਥਾਨ, ਓਪਨ ਸਟੇਟ
- **ਸੁਖਵੀਰ ਸਿੰਘ** — ਬੀ.ਏ.-ਭਾਗ ਪਹਿਲਾ, ਸੀਨੀਅਰ ਸਟੇਟ-ਦੂਜਾ ਸਥਾਨ, ਫਿਰੋਜ਼ਪੁਰ ਕਬੱਡੀ ਸਰਕਲ ਸਟਾਇਲ
- **ਮਹਿਕਦੀਪ ਸਿੰਘ** — ਬੀ.ਏ.-ਭਾਗ ਪਹਿਲਾ, ਜੂਨੀਅਰ ਸਟੇਟ-ਤੀਜਾ ਸਥਾਨ, ਪਟਿਆਲਾ ਕਬੱਡੀ ਸਰਕਲ ਸਟਾਇਲ
- **ਹਸਨਦੀਪ ਸਿੰਘ** — ਬੀ.ਏ.-ਭਾਗ ਪਹਿਲਾ, ਸੀਨੀਅਰ ਸਟੇਟ-ਦੂਜਾ ਸਥਾਨ, ਫਿਰੋਜ਼ਪੁਰ ਕਬੱਡੀ ਸਰਕਲ ਸਟਾਇਲ



- **ਗੁਰਵੀਰ ਸਿੰਘ** — ਬੀ.ਏ.-ਭਾਗ ਪਹਿਲਾ, ਜੂਨੀਅਰ ਸਟੇਟ-ਤੀਜਾ ਸਥਾਨ, ਪਟਿਆਲਾ ਕਬੱਡੀ ਸਰਕਲ ਸਟਾਇਲ
- **ਅਰਸ਼ਪ੍ਰੀਤ ਕੌਰ** — ਬੀ.ਏ. ਭਾਗ-ਦੂਜਾ, ਜੂਡੋ-ਦੂਜਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਨਵਦੀਪ ਕੌਰ** — ਬੀ.ਏ. ਭਾਗ-ਤੀਜਾ, ਕੁਸ਼ਤੀ-ਪਹਿਲਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਅੰਜਲੀ** — ਬੀ.ਏ. ਭਾਗ-ਤੀਜਾ, ਕੁਸ਼ਤੀ-ਤੀਜਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਸ਼ੀਤਲ** — ਬੀ.ਏ. ਭਾਗ-ਪਹਿਲਾ, ਤੀਜਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਹੰਸਵੀਰ ਕੌਰ** — ਬੀ.ਏ. ਭਾਗ-ਦੂਜਾ, ਤੀਜਾ ਸਥਾਨ, ਅੰਤਰ ਕਾਲਜ ਕਬੱਡੀ
- **ਕਿਰਨ ਕੌਰ** — ਬੀ.ਏ. ਭਾਗ-ਦੂਜਾ, ਤੀਜਾ ਸਥਾਨ, ਅੰਤਰ ਕਾਲਜ ਕਬੱਡੀ
- **ਕਵਿਤਾ** — ਬੀ.ਏ. ਭਾਗ-ਦੂਜਾ, ਤੀਜਾ ਸਥਾਨ, ਅੰਤਰ ਕਾਲਜ ਕਬੱਡੀ



- **ਪ੍ਰਿਆ** — ਬੀ.ਏ. ਭਾਗ-ਦੂਜਾ, ਤੀਜਾ ਸਥਾਨ, ਅੰਤਰ ਕਾਲਜ ਕਬੱਡੀ
- **ਗੁਰਪ੍ਰੀਤ ਕੌਰ** — ਬੀ.ਏ. ਭਾਗ-ਦੂਜਾ, ਤੀਜਾ ਸਥਾਨ, ਅੰਤਰ ਕਾਲਜ ਕਬੱਡੀ
- **ਗੁਰਪ੍ਰੀਤ ਕੌਰ** — ਬੀ.ਏ. ਭਾਗ-ਤੀਜਾ, ਦੂਜਾ ਸਥਾਨ, ਅੰਤਰ ਕਾਲਜ ਕ੍ਰਿਕਟ
- **ਕਰਨਵੀਰ ਕੌਰ** — ਬੀ.ਏ. ਭਾਗ-ਪਹਿਲਾ, ਤੀਸਰਾ ਸਥਾਨ, ਖੇਡਾਂ ਵਤਨ ਪੰਜਾਬ ਦੀਆਂ
- **ਸੁਖਪ੍ਰੀਤ ਕੌਰ** — ਬੀ.ਏ. ਭਾਗ-ਪਹਿਲਾ, ਤੀਸਰਾ ਸਥਾਨ, ਖੇਡਾਂ ਵਤਨ ਪੰਜਾਬ ਦੀਆਂ
- **ਮਨਵੀਰ ਕੌਰ** — ਬੀ.ਏ. ਭਾਗ-ਦੂਜਾ, ਤੀਸਰਾ ਸਥਾਨ, ਖੇਡਾਂ ਵਤਨ ਪੰਜਾਬ ਦੀਆਂ
- **ਪ੍ਰੀਤੀ ਹੰਸ** — ਐਮ.ਏ. ਭਾਗ-ਪਹਿਲਾ, ਖੇਡਾਂ ਵਤਨ ਪੰਜਾਬ ਦੀਆਂ
- **ਕੋਮਲ** — ਬੀ.ਐਸ.ਸੀ. (ਮੈਡੀ.) ਭਾਗ-ਦੂਜਾ, ਤੀਸਰਾ ਸਥਾਨ, ਖੇਡਾਂ ਵਤਨ ਪੰਜਾਬ ਦੀਆਂ



- **ਮਨਪ੍ਰੀਤ ਕੌਰ** — ਬੀ.ਏ. ਭਾਗ-ਤੀਜਾ, ਖੇਡਾਂ ਵਤਨ ਪੰਜਾਬ ਦੀਆਂ
- **ਅਮਨਪ੍ਰੀਤ ਕੌਰ** — ਬੀ.ਏ. ਭਾਗ-ਤੀਜਾ, ਖੇਡਾਂ ਵਤਨ ਪੰਜਾਬ ਦੀਆਂ
- **ਮੁਸਕਾਨ** — ਬੀ.ਏ. ਭਾਗ-ਤੀਜਾ, ਖੇਡਾਂ ਵਤਨ ਪੰਜਾਬ ਦੀਆਂ
- **ਪਕਸ਼ਦੀਪ ਸਿੰਘ** — ਬੀ.ਏ. ਭਾਗ-ਪਹਿਲਾ, ਦੂਜਾ ਸਥਾਨ, ਆਲ ਇੰਡੀਆ ਇੰਟਰ ਯੂਨੀ. ਗੱਤਕਾ (ਫਰੀ ਸੋਟੀ)
- **ਰੋਹਿਤ ਭਾਰਦਵਾਜ** — ਬੀ.ਏ. ਭਾਗ-ਦੂਜਾ, ਤੀਸਰਾ ਸਥਾਨ, ਖੇਡਾਂ ਵਤਨ ਪੰਜਾਬ ਦੀਆਂ
- **ਮੋਹਿਤ ਸ਼ਰਮਾ** — ਬੀ.ਏ. ਭਾਗ-ਤੀਜਾ, ਪਹਿਲਾ ਸਥਾਨ, ਸੀਨੀਅਰ ਸਟੇਟ
- **ਗੁਰਵਿੰਦਰ ਸਿੰਘ** — ਬੀ.ਏ. ਭਾਗ-ਪਹਿਲਾ, ਤੀਜਾ ਸਥਾਨ, ਅੰਤਰ ਕਾਲਜ ਕੁਸ਼ਤੀ
- **ਵਿਕਰਮ ਸਿੰਘ** — ਬੀ.ਏ. ਭਾਗ-ਦੂਜਾ, ਤੀਜਾ ਸਥਾਨ, ਖੇਡਾਂ ਵਤਨ ਪੰਜਾਬ ਦੀਆਂ

## ਰੈੱਡ ਰਿਬਨ ਕਲੱਬ



- **ਮਨਪ੍ਰੀਤ ਕੌਰ** — ਐਮ.ਏ.-II (ਪੰਜਾਬੀ)
- **ਜਗਦੀਪ ਕੌਰ** — ਬੀ.ਏ.-II
- **ਹਰਦੀਪ ਸਿੰਘ** — ਬੀ.ਏ.-II
- **ਲਵਲੀ ਸਿੰਘ** — ਬੀ.ਏ.-III

## ਐਨ.ਐਸ.ਐਸ



- **ਗੀਤਾ ਕੌਰ** — ਐਮ.ਏ.-II (ਪੰਜਾਬੀ)
- **ਸ਼ਾਇਨਾ ਸੇਠੀ** — ਬੀ.ਕਾਮ.-II
- **ਅਰਸ਼ਦੀਪ ਸਿੰਘ** — ਐਮ.ਏ.-II (ਪੰਜਾਬੀ)
- **ਜਸ਼ਨਦੀਪ ਸਿੰਘ** — ਬੀ.ਏ.-III
- **ਸਤਿੰਦਰ ਸਿੰਘ** — ਬੀ.ਏ.-II

# ਸੱਭਿਆਚਾਰਕ ਗਤੀਵਿਧੀਆਂ

## ਗਰੁੱਪ ਸ਼ਬਦ | ਕਲਾਸੀਕਲ (ਵੋਕਲ)



- ਪੂਨਮ, ਬੀ.ਏ.-I, ਪਹਿਲਾ ਸਥਾਨ
- ਅਕਾਸ਼ਦੀਪ ਸਿੰਘ, ਐਮ.ਏ.-I, ਪਹਿਲਾ ਸਥਾਨ
- ਗਗਨਦੀਪ ਕੌਰ, ਐਮ.ਏ.-I (Music), ਪਹਿਲਾ ਸਥਾਨ
- ਗੁਰਮਿੰਦਰ ਸਿੰਘ, ਪਹਿਲਾ ਸਥਾਨ
- ਕਮਲ ਨੈਨ ਦੇਵ ਸਿੰਘ, ਪਹਿਲਾ ਸਥਾਨ
- ਮੁਸਕਾਨ, ਬੀ.ਏ.-I, ਪਹਿਲਾ ਸਥਾਨ
- ਸੁਰਪ੍ਰੀਤ ਸਿੰਘ
- ਮਹਿਕ, ਬੀ.ਏ.-III, ਪਹਿਲਾ ਸਥਾਨ

## ਜਰਨਲ ਕੁਇਜ਼ | ਵੈਸਟਰਨ ਸੋਲੋ | ਵੈਸਟਰਨ ਗਰੁੱਪ ਸੌਂਗ | ਕਲਾਸੀਕਲ ਡਾਂਸ | ਕਲਾਸੀਕਲ (ਨਾਨ-ਪਰਕਸ਼ਨ)



- ਪ੍ਰਤੀਕ ਸ਼ਰਮਾ, ਬੀ.ਏ.-III, ਪਹਿਲਾ ਸਥਾਨ
- ਸਸ਼ੀ ਕਾਂਤਾ ਮਨੀ, ਬੀ.ਏ.-III, ਪਹਿਲਾ ਸਥਾਨ
- ਚੇਤਾਲੀ ਸ਼ਰਮਾ, ਬੀ.ਏ.-III, ਪਹਿਲਾ ਸਥਾਨ
- ਸਹਿਜਪ੍ਰੀਤ ਸਿੰਘ, ਬੀ.ਏ.-II
- ਜਸਵਿੰਦਰ ਸਿੰਘ, ਐਮ.ਏ.-II (Music), ਦੂਜਾ ਸਥਾਨ
- ਸਿਮਰਨਦੀਪ ਕੌਰ, ਬੀ.ਏ. ਭਾਗ-ਤੀਜਾ, ਦੂਜਾ ਸਥਾਨ
- ਮਨੀਸ਼ਾ, ਬੀ.ਏ.-I, ਦੂਜਾ ਸਥਾਨ
- ਰਿਸ਼ਬ, ਬੀ.ਏ.-II, ਪਹਿਲਾ ਸਥਾਨ

## ਕਲੀ ਗਾਇਨ | ਵਾਰ ਗਾਇਨ | ਕਵਿਸ਼ਰੀ | ਖਿਦੋ | ਟੋਕਰੀ ਬੁਣਾਈ | ਕਾਰਟੂਨਿੰਗ



- ਕਮਲ ਨੈਨ ਦੇਵ ਸਿੰਘ, ਬੀ.ਏ.-II, ਦੂਜਾ ਸਥਾਨ
- ਹਰਮਨਪ੍ਰੀਤ ਸਿੰਘ, ਬੀ.ਏ.-II, ਦੂਜਾ ਸਥਾਨ
- ਮੁਸਕਾਨ, ਬੀ.ਏ.-I, ਪਹਿਲਾ ਸਥਾਨ
- ਗਗਨਦੀਪ ਕੌਰ, ਐਮ.ਏ.-I (Music), ਪਹਿਲਾ ਸਥਾਨ
- ਮਹਿਕ, ਬੀ.ਏ.-III, ਪਹਿਲਾ ਸਥਾਨ
- ਗਗਨਦੀਪ ਕੌਰ, ਐਮ.ਏ.-I (Music), ਪਹਿਲਾ ਸਥਾਨ
- ਸੰਦੀਪ ਸਿੰਘ, ਐਮ.ਏ.-I (Pun.), ਪਹਿਲਾ ਸਥਾਨ
- ਵਰਨਦੀਪ ਕੌਰ, ਬੀ.ਏ.-III, ਦੂਜਾ ਸਥਾਨ
- ਕੁਲਵੀਰ ਕੌਰ, ਬੀ.ਏ.-III, ਦੂਜਾ ਸਥਾਨ

## ਮਲਵਈ ਗਿੱਧਾ



- ਸੁਖਵਿੰਦਰ ਸਿੰਘ, ਐਮ.ਏ.-II (ਪੰਜਾਬੀ), ਦੂਜਾ ਸਥਾਨ
- ਜੋਬਨਦੀਪ ਸਿੰਘ, ਐਮ.ਏ.-I (ਪੰਜਾਬੀ), ਦੂਜਾ ਸਥਾਨ
- ਬਰਕਤਗੀਤ ਸਿੰਘ, ਐਮ.ਏ.-I (ਮਿਊਜ਼ਿਕ), ਦੂਜਾ ਸਥਾਨ
- ਅਰੁਣਜੀਤ ਸਿੰਘ, ਬੀ.ਐਸ.ਸੀ.-III (ਮੈਡੀ.), ਦੂਜਾ ਸਥਾਨ
- ਨਿਰਵੈਰ ਸਿੰਘ, ਐਮ.ਏ.-I (ਮਿਊਜ਼ਿਕ), ਦੂਜਾ ਸਥਾਨ
- ਕਰਨਵੀਰ ਸਿੰਘ, ਬੀ.ਏ.-III, ਦੂਜਾ ਸਥਾਨ
- ਸੁਖਪਿੰਦਰ ਸਿੰਘ, ਬੀ.ਏ.-III, ਦੂਜਾ ਸਥਾਨ
- ਰਣਜੋਧ ਸਿੰਘ, ਬੀ.ਏ.-III, ਦੂਜਾ ਸਥਾਨ
- ਕਮਲਪ੍ਰੀਤ ਸਿੰਘ, ਬੀ.ਏ.-I, ਦੂਜਾ ਸਥਾਨ

## ਮਲਵਈ ਗਿੱਧਾ | ਅੰਤਰ ਖੇਤਰੀ ਯੁਵਕ ਮੇਲਾ, ਪੰਜਾਬੀ ਯੂਨੀ. ਪਟਿਆਲਾ ਦੀ ਆਈਟਮ ਸੱਭਿਆਚਾਰਕ ਕੁਇਜ਼ ਵਿੱਚੋਂ ਪਹਿਲਾ ਸਥਾਨ ਅਤੇ ਅੰਤਰ ਯੂਨੀ. ਵਿੱਚੋਂ ਦੂਜਾ ਸਥਾਨ। | ਰੰਗੋਲੀ | ਡਿਬੇਟ



- ਮਨਜਿੰਦਰ ਸਿੰਘ, ਬੀ.ਏ.-I, ਦੂਜਾ ਸਥਾਨ
- ਅਮਨਦੀਪ ਕੁਮਾਰ, ਐਮ.ਏ.-II, ਦੂਜਾ ਸਥਾਨ
- ਜੀਵਨਜੋਤ ਸਿੰਘ, ਬੀ.ਏ.-II, ਦੂਜਾ ਸਥਾਨ
- ਗਗਨਦੀਪ ਸਿੰਘ, ਐਮ.ਏ. ਭਾਗ-ਪਹਿਲਾ (ਪੰਜਾਬੀ)
- ਸਿਮਰਨਦੀਪ ਕੌਰ, ਬੀ.ਏ. ਭਾਗ-ਤੀਜਾ
- ਸਾਗਰ ਸ਼ਰਮਾ, ਐਮ.ਏ. ਭਾਗ-ਪਹਿਲਾ (ਪੰਜਾਬੀ)
- ਕਿਰਨਦੀਪ ਕੌਰ, ਬੀ.ਏ.-II
- ਬਲਜੀਤ ਕੌਰ, ਬੀ.ਏ.-II, ਦੂਜਾ ਸਥਾਨ

# ਤਤਕਰਾ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਪ੍ਰਵੇਸ਼ਕਾ | 6 |
| 2. | ਜ਼ਰੂਰੀ ਸੰਪਰਕ ਨੰਬਰ | 7 |
| 3. | ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਕੋਰਸ | 7 |
| 4. | ਦਾਖਲਾ ਮਿਤੀਆਂ ਦਾ ਸ਼ਡਿਊਲ | 8 |
| 5. | ਸਟਾਫ਼ ਬਾਰੇ ਜਾਣਕਾਰੀ (ਅਧਿਆਪਨ ਤੇ ਗੈਰ ਅਧਿਆਪਨ) | 9-10 |
| 6. | ਪ੍ਰਮੁੱਖ ਪ੍ਰਬੰਧਕੀ ਸਹਿਯੋਗੀ | 11-15 |
| 7. | ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ | 16 |
| 8. | ਦਾਖਲਾ ਫਾਰਮ ਨਾਲ ਨੱਥੀ ਦਸਤਾਵੇਜ਼ ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸਬੰਧੀ ਯੋਗਤਾ ਅਤੇ ਵਿਸ਼ਿਆਂ ਦੀ ਚੋਣ | 16-20 |
| 9. | ਕਾਲਜ ਅਨੁਸਾਸ਼ਨ ਸਬੰਧੀ ਨਿਯਮ/ਚਿਤਾਵਨੀਆਂ | 20 |
| 10. | ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁੱਝ ਜ਼ਰੂਰੀ ਹਦਾਇਤਾਂ ਅਤੇ ਜਨਰਲ ਹਦਾਇਤਾਂ | 21 |
| 11. | ਵਜ਼ੀਫੇ/ਸਕਾਲਰਸ਼ਿਪ | 22-25 |
| 12. | ਹੋਸਟਲ ਅਤੇ ਹੋਸਟਲ ਸਬੰਧੀ ਜ਼ਰੂਰੀ ਹਦਾਇਤਾਂ | 25-26 |
| 13. | ਲਾਇਬ੍ਰੇਰੀ, ਈ-ਲਾਇਬ੍ਰੇਰੀ | 27 |
| 14. | ਸ਼ਨਾਖਤੀ ਕਾਰਡ ਸਬੰਧੀ ਨਿਯਮ, ਟਿਊਟੋਰੀਅਲ ਗਰੁੱਪ ਪ੍ਰਣਾਲੀ, ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ, ਐਨ.ਐਸ.ਐਸ. | 28 |
| 15. | ਟਙ਼ਙ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੈਡ ਕਰਾਸ ਯੂਨਿਟ, ਪੀ.ਟੀ.ਏ., .ਥ੧ਛ, ਨਂ:, +ਛਂ, ਬ੍ਰਿਜਿੰਦਰਾ ਸੱਭਿਆਚਾਰਕ ਮੰਚ | 29 |
| 16. | ਕਾਲਜ ਮੈਗਜ਼ੀਨ, ਬੈਂਕ ਸਹੂਲਤ, ਬੱਸ ਪਾਸ ਸਬੰਧੀ ਨਿਯਮ, ਕਾਲਜ ਛੱਡਣ ਸਬੰਧੀ, ਜੁਰਮਾਨੇ ਦੇ ਨਿਯਮ | 30 |
| 17. | ਫੀਸ ਅਦਾਇਗੀ ਦੇ ਨਿਯਮ, ਪੁਨਰ ਦਾਖਲਾ, ਛੁੱਟੀ ਬਾਰੇ ਸੂਚਨਾ, ਮਿਡ ਸਮੈਸਟਰ ਟੈਸਟ ਸਬੰਧੀ ਨਿਯਮ | 31 |
| 18. | ਹਾਜ਼ਰੀਆਂ ਸਬੰਧੀ ਨਿਯਮ, ਇਨਾਮਾਂ ਸਬੰਧੀ ਨਿਯਮ | 32 |
| 19. | ਰੋਲ ਆਫ਼ ਆਨਰ | 32-33 |
| 20. | ਕਾਲਜ ਕਲਰ | 33-34 |
| 21. | ਮੈਰਿਟ ਸਰਟੀਫਿਕੇਟ | 34-35 |
| 22. | ਫੰਡ ਅਤੇ ਫੀਸ ਦੇ ਵੇਰਵੇ | 35-36 |


## ਬੇਦਾਅਵਾ

ਪ੍ਰਾਸਪੈਕਟਸ ਵਿੱਚ ਛਾਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਅਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸਨ ਜਾਂ ਪ੍ਰਾਸਪੈਕਟਸ ਕਮੇਟੀ, ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਵੀ ਪ੍ਰਕਾਰ ਦੀ ਉਣਤਾਈ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ ਹੋਵੇਗੀ। ਇਸ ਸੈਸ਼ਨ ਦੌਰਾਨ ਲੋੜ ਪੈਣ ਤੇ ਬਿਨਾਂ ਅਗਾਊਂ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਕੋਈ ਹੋਰ ਸਮੱਰਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

# ਪ੍ਰਵੇਸ਼ਕਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਨੂੰ ਪੰਜਾਬ ਦੀਆਂ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਵਿੱਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੈ। ਇਸ ਨੂੰ ਫਰੀਦਕੋਟ ਰਿਆਸਤ ਦੇ ਹੁਕਮਰਾਨ ਮਹਾਰਾਜਾ ਹਰਿੰਦਰ ਸਿੰਘ ਬਰਾੜ ਬੰਸ ਬਹਾਦਰ ਨੇ 23 ਮਾਰਚ, 1942 ਈ. ਨੂੰ ਆਪਣੇ ਪਿਤਾ ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਯਾਦ ਵਿੱਚ ਸਥਾਪਿਤ ਕੀਤਾ ਸੀ। ਇਸ ਦੇ ਬਾਨੀ ਪ੍ਰਿੰਸੀਪਲ ਸ੍ਰੀ ਮੋਹਨ ਲਾਲ ਖੋਸਲਾ ਜੀ ਸਨ।

'ਬ੍ਰਿਜਿੰਦਰਾ ਕਾਲਜ' ਪੰਜਾਬ ਦੇ ਉਨ੍ਹਾਂ ਚੋਣਵੇਂ ਸਰਕਾਰੀ ਕਾਲਜਾਂ ਵਿੱਚੋਂ ਇੱਕ ਹੈ ਜਿੰਨ੍ਹਾਂ ਨੂੰ ਨੈਕ ਦੁਆਰਾ 'ਏ-ਗਰੇਡ' ਨਾਲ ਪ੍ਰਮਾਣਿਤ ਕੀਤਾ ਗਿਆ ਹੈ। ਇਸ ਕਾਲਜ ਨੇ ਆਪਣੇ ਗੌਰਵਮਈ ਇਤਿਹਾਸ, ਮਾਣਮੱਤੇ ਅਧਿਆਪਕਾਂ, ਮਿਹਨਤੀ ਗੈਰ-ਅਧਿਆਪਨ ਸਟਾਫ਼ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਮੂਹਿਕ ਯੋਗਦਾਨ ਸਦਕਾ ਸਾਰੇ ਦੇਸ਼ ਦੀਆਂ ਉੱਚ-ਸਿੱਖਿਆ ਪ੍ਰਦਾਨ ਕਰ ਰਹੀਆਂ ਸੰਸਥਾਵਾਂ ਵਿੱਚ ਇੱਕ ਉੱਚਾ ਦਰਜਾ ਪ੍ਰਾਪਤ ਕਰ ਲਿਆ ਹੈ। ਅਕਾਦਮਿਕ, ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਜੋ ਮੀਲ ਪੱਥਰ ਇਸ ਕਾਲਜ ਦੇ ਵਿਦਿਆਰਥੀਆਂ ਨੇ ਸਥਾਪਿਤ ਕੀਤੇ ਹਨ, ਇਸ ਕਾਲਜ ਅਤੇ ਇਲਾਕੇ ਲਈ ਬੜੇ ਗੌਰਵਮਈ ਹਨ।

ਸ਼ਾਨਦਾਰ ਦਿੱਖ, ਵਿਸ਼ਾਲ ਚੌਗਿਰਦੇ, ਖੁੱਲ੍ਹੇ ਖੇਡ ਦੇ ਮੈਦਾਨਾਂ ਅਤੇ ਫੁੱਲ ਬੂਟਿਆਂ ਨਾਲ ਸ਼ੋਭਾ ਦੇ ਰਹੇ ਮਨਮੋਹਕ ਪਾਰਕਾਂ ਵਾਲਾ, ਇਸ ਕਾਲਜ ਦਾ ਵਿਹੜਾ, ਇੱਕ ਦਿਲਕਸ਼ ਅਤੇ ਅਕਾਦਮਿਕ ਵਾਤਾਵਰਣ ਪੇਸ਼ ਕਰਦਾ ਹੈ। ਆਪਣੀ ਸਥਾਪਤੀ ਦੇ ਅੱਧੀ ਸਦੀ ਤੋਂ ਵੱਧ ਅਰਸੇ ਤੋਂ ਇਹ ਕਾਲਜ ਫ਼ਰੀਦਕੋਟ ਸ਼ਹਿਰ, ਇਸ ਦੇ ਆਲੇ-ਦੁਆਲੇ ਦੇ ਪੇਂਡੂ ਖੇਤਰ ਅਤੇ ਦੂਰ ਦੁਰਾਡੇ ਦੇ ਵਿਦਿਆਰਥੀਆਂ ਲਈ ਗਿਆਨ-ਸੰਚਾਰ ਦਾ ਕੇਂਦਰ ਹੈ। ਇਸ ਕਾਲਜ ਵਿੱਚੋਂ ਵਿੱਦਿਆ ਗ੍ਰਹਿਣ ਕਰ ਚੁੱਕੇ ਵਿਦਿਆਰਥੀ, ਜੀਵਨ ਦੇ ਵਿਭਿੰਨ ਖੇਤਰਾਂ ਵਿੱਚ ਉੱਚੀਆਂ ਪਦਵੀਆਂ ਤੇ ਸ਼ਸ਼ੋਭਿਤ ਰਹੇ ਹਨ ਅਤੇ ਹੁਣ ਵੀ ਹਨ। ਸਿੱਖਿਆ, ਇੰਜੀਨੀਅਰਿੰਗ, ਖੇਤੀਬਾੜੀ, ਪ੍ਰਸ਼ਾਸ਼ਨ, ਰਾਜਨੀਤੀ, ਜੁਡੀਸ਼ਰੀ, ਡਾਕਟਰੀ, ਸਾਹਿਤ, ਕਲਾ, ਫੌਜ ਅਤੇ ਖੇਡਾਂ ਦੇ ਖੇਤਰ ਵਿੱਚ ਅਨੇਕਾਂ ਸਿਤਾਰਿਆਂ ਨੂੰ ਬ੍ਰਿਜਿੰਦਰਾ ਕਾਲਜ ਦੀ ਉਪਜ ਹੋਣ ਦਾ ਗੌਰਵਮਈ ਅਹਿਸਾਸ ਹੈ। ਆਦਰਸ਼ ਅਤੇ ਗੁਣਾਤਮਕ ਸਿੱਖਿਆ ਦੇ ਆਧੁਨਿਕ ਸੰਕਲਪ ਦੀ ਪਾਲਣਾ ਹਿੱਤ ਬ੍ਰਿਜਿੰਦਰਾ ਕਾਲਜ ਆਪਣੇ ਵਿਦਿਆਰਥੀਆਂ ਦੀ ਸਖ਼ਸ਼ੀਅਤ ਦੇ ਸਰਵਪੱਖੀ ਵਿਕਾਸ ਦੇ ਲਕਸ਼ ਨੂੰ ਸਨਮੁੱਖ ਰੱਖਦਾ ਹੈ। ਅਕਾਦਮਿਕ ਸਹੂਲਤਾਂ ਦੇ ਨਾਲ ਨਾਲ ਇਹ ਕਾਲਜ ਖੇਡਾਂ, ਸਭਿਆਚਾਰਕ ਅਤੇ ਸਾਹਿੱਤਕ ਗਤੀਵਿਧੀਆਂ ਲਈ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ। ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੌਜੀ ਨਾਲ ਸਿੱਖਿਆ ਪ੍ਰਦਾਨ ਕਰਨ ਲਈ ਕਾਲਜ ਵਿੱਚ Virtual ਕਲਾਸਰੂਮ, Smart ਕਲਾਸਰੂਮ, Computer Lab ਦੀਆਂ ਸਹੂਲਤਾਂ ਉਪਲੱਬਧ ਹਨ।

ਖੇਡਾਂ ਵਿੱਚ ਕੁਸ਼ਤੀਆਂ, ਹਾਕੀ, ਵਾਲੀਬਾਲ, ਕ੍ਰਿਕਟ, ਚੈੱਸ, ਤਾਈਕਵਾਂਡੋ, ਟੈਨਿਸ, ਟੇਬਲ-ਟੇਨਿਸ ਆਦਿ ਦੇ ਨਾਲ-ਨਾਲ ਇੱਕ ਆਧੁਨਿਕ ਸਹੂਲਤਾਂ ਵਾਲਾ ਸਵਿਮਿੰਗ ਪੂਲ ਵੀ ਹੈ। ਅਥਲੈਟਿਕਸ ਦੇ ਖੇਤਰ ਵਿੱਚ ਖੇਡ ਪ੍ਰਤਿਭਾ ਨੂੰ ਪ੍ਰਫੁੱਲਤ ਹੋਣ ਦੇ ਅਵਸਰ ਵੀ ਉਪਲੱਬਧ ਹਨ। ਕਾਲਜ ਦੇ ਗੁਆਂਢ ਵਿੱਚ ਸਥਿਤ ਜ਼ਿਲ੍ਹਾ ਖੇਡ ਵਿਭਾਗ ਜਿਸ ਵਿੱਚ ਆਧੁਨਿਕ ਸਹੂਲਤਾਂ ਵਾਲਾ ਜਿਮਨੇਜ਼ੀਅਮ ਅਤੇ ਸਟੇਡੀਅਮ ਹਨ। ਕਾਲਜ ਵਿੱਚ ਜ਼ਿਲ੍ਹਾ ਖੇਡ ਵਿਭਾਗ ਵੱਲੋਂ ਆਧੁਨਿਕ ਹਾਕੀ ਸਟੇਡੀਅਮ (ਐਸਟਰੋਟਰਫ਼ ਗਰਾਊਂਡ) ਵੀ ਬਣਾਇਆ ਗਿਆ ਹੈ। ਖਿਡਾਰੀਆਂ ਦੀ ਸਰੀਰਕ ਬਣਤਰ ਸਡੌਲ ਰੱਖਣ ਲਈ ਕਾਲਜ ਵਿੱਚ ਆਧੁਨਿਕ ਹੈਲਥ ਕਲੱਬ ਸਥਾਪਿਤ ਹੈ ਜਿੱਥੇ ਵਿਦਿਆਰਥੀ ਸਰੀਰਕ ਅਰੋਗਤਾ ਨੂੰ ਕਾਇਮ ਰੱਖਦੇ ਹਨ।

ਵਿਦਿਆਰਥੀਆਂ ਵਿੱਚ ਕਲਾਤਮਕ, ਸੁਹਜਾਤਮਕ, ਸਭਿਆਚਾਰਕ ਅਤੇ ਸਮਾਜ ਸੇਵੀ ਰੁਚੀਆਂ ਪੈਦਾ ਕਰਨ ਲਈ ਕਾਲਜ ਦੇ ਯੁਵਕ ਭਲਾਈ ਵਿਭਾਗ, ਰੈੱਡ ਰਿਬਨ ਕਲੱਬ, ਰੈਡ ਕਰਾਸ ਸੁਸਾਇਟੀ, ਐਨ.ਸੀ.ਸੀ. ਅਤੇ ਰਾਸ਼ਟਰੀ ਸੇਵਾ ਯੋਜਨਾ (N.S.S.) ਸਾਰਾ ਸਾਲ ਕਿਰਿਆਸ਼ੀਲ ਰਹਿੰਦੇ ਹਨ। ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਵੱਖ-ਵੱਖ ਵਿਭਾਗਾਂ ਵਿੱਚ ਵਿਦਿਆਰਥੀਆਂ ਦੀਆਂ ਵਿਭਾਗੀ ਐਸੋਸੀਏਸ਼ਨ ਕੰਮ ਕਰ ਰਹੀਆਂ ਹਨ। ਕਾਲਜ ਵਿੱਚ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (ਰਜਿ:) ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ (H.E.I.S.-GBC) ਬਣਾਈ ਗਈ ਹੈ।

# ਜ਼ਰੂਰੀ ਸੰਪਰਕ ਨੰਬਰ

ਪ੍ਰਿੰਸੀਪਲ (ਦਫ਼ਤਰ) ____ 01639-250753
ਸ਼੍ਰੀ ਰਾਜੇਸ਼ ਕੁਮਾਰ ਖਨਗਵਾਲ (ਪ੍ਰਿੰਸੀਪਲ) ____ 94171-45069
ਪ੍ਰੋ: (ਡਾ.) ਪੂਜਾ ਭੱਲਾ (ਬਰਸਰ) ਸੀਨੀਅਰ ਟਿਊਟਰ ____ 98726-50676
ਪ੍ਰੋ: (ਡਾ.) ਨਿਰਵਰਿੰਦਰ ਕੌਰ ਸੰਧੂ (ਰੂਸਾ ਕੋਆਰਡੀਨੇਟਰ) ____ 94630-95450
ਪ੍ਰੋ: (ਡਾ.) ਰਾਜੇਸ਼ ਮੋਹਨ (ਯੂਥ ਕੋਆਰਡੀਨੇਟਰ) ____ 70092-24879
ਪ੍ਰੋ: (ਡਾ.) ਸ਼ਾਲਿਨੀ ਗੋਇਲ (ਪ੍ਰਾਸਪੈਕਟਸ ਇੰਚਾਰਜ) ____ 98726-53933
ਪ੍ਰੋ: ਪਰਮਜੀਤ ਕੌਰ (ਰਜਿਸਟਰਾਰ/ਆਨ ਲਾਈਨ ਪੋਰਟਲ ਇੰਚਾਰਜ) ____ 86990-61348
ਸ੍ਰੀਮਤੀ ਗੁਰਮੀਤ ਕੌਰ (ਸਟੈਨੋ) ____ 94647-87170

# ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਕੋਰਸ

| ਨੰ. | ਕੋਰਸ | ਸਮੈਸਟਰ/ਸਲਾਨਾ ਪ੍ਰਣਾਲੀ | ਸੀਟਾਂ ਦੀ ਗਿਣਤੀ |
|---|---|---|---|
| 1. | ਐਮ.ਏ. (ਅਰਥ-ਸ਼ਾਸਤਰ) | ਸਮੈਸਟਰ ਪ੍ਰਣਾਲੀ | 40 |
| 2. | ਐਮ.ਏ. (ਪੰਜਾਬੀ) | ਸਮੈਸਟਰ ਪ੍ਰਣਾਲੀ | 40 |
| 3. | ਐਮ.ਏ. (ਸੰਗੀਤ ਵੋਕਲ) | ਸਮੈਸਟਰ ਪ੍ਰਣਾਲੀ | 15 |
| 4. | ਐਮ.ਏ. (ਅੰਗ੍ਰੇਜ਼ੀ) | ਸਮੈਸਟਰ ਪ੍ਰਣਾਲੀ | 30 ਸੈਲਫ ਫਾਇਨਾਂਸ |
| 5. | ਐਮ.ਐਸ.ਸੀ. (ਕਮਿਸਟਰੀ) | ਸਮੈਸਟਰ ਪ੍ਰਣਾਲੀ | 30 ਸੈਲਫ ਫਾਇਨਾਂਸ |
| 6. | ਬੀ.ਐਸ.ਸੀ. (ਖੇਤੀਬਾੜੀ) ਚਾਰ ਸਾਲਾਂ ਕੋਰਸ | ਸਮੈਸਟਰ ਪ੍ਰਣਾਲੀ | 60 (ਰੈਗੂਲਰ) |
| 7. | ਬੀ.ਐਸ.ਸੀ. (ਮੈਡੀਕਲ) | ਸਮੈਸਟਰ ਪ੍ਰਣਾਲੀ | 50 |
| 8. | ਬੀ.ਐਸ.ਸੀ. (ਨਾਨ-ਮੈਡੀਕਲ) | ਸਮੈਸਟਰ ਪ੍ਰਣਾਲੀ | 50 |
| 9. | ਬੀ.ਕਾਮ. | ਸਮੈਸਟਰ ਪ੍ਰਣਾਲੀ | 60 |
| 10. | ਬੀ.ਏ. | ਸਮੈਸਟਰ ਪ੍ਰਣਾਲੀ | * |
| 11. | ਬੀ.ਸੀ.ਏ. | ਸਮੈਸਟਰ ਪ੍ਰਣਾਲੀ | 50 ਸੈਲਫ ਫਾਇਨਾਂਸ |
| 12. | B.B.A. (Hospital Management) | ਸਮੈਸਟਰ ਪ੍ਰਣਾਲੀ | 50 ਸੈਲਫ ਫਾਇਨਾਂਸ |
| 13. | B.Sc. (Data Analytics) | ਸਮੈਸਟਰ ਪ੍ਰਣਾਲੀ | 50 ਸੈਲਫ ਫਾਇਨਾਂਸ |
| 14. | B.A. (Digital Media & Design) | ਸਮੈਸਟਰ ਪ੍ਰਣਾਲੀ | 50 ਸੈਲਫ ਫਾਇਨਾਂਸ |
| 15. | Diploma-Organic Farming** | 01 ਸਾਲ | 1 ਯੂਨਿਟ |
| 16. | Diploma-Horticulture and Food Preservation** | 01 ਸਾਲ | 1 ਯੂਨਿਟ |
| 17. | Certificate-Organic Farming** | 06 ਮਹੀਨੇ | 1 ਯੂਨਿਟ |
| 18. | Certificate- Horticulture and Food Preservation** | 06 ਮਹੀਨੇ | 1 ਯੂਨਿਟ |

* ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਤੀ ਸੈਕਸ਼ਨ ਵਿਦਿਆਰਥੀ ਦੀ ਗਿਣਤੀ 80 ਨਿਰਧਾਰਿਤ ਕੀਤੀ ਗਈ ਹੈ। ਸਟਾਫ਼ ਦੀ ਉਪਲੱਬਧਤਾ ਦੇ ਆਧਾਰ ਤੇ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ।

** ਇਹ ਕੋਰਸ ਜਗਤ ਗੁਰੂ ਨਾਨਕ ਦੇਵ ਓਪਨ ਸਟੇਟ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹਨ।

# ਦਾਖਲਾ ਮਿਤੀਆਂ ਦਾ ਸ਼ਡਿਊਲ

## ਗਰਮੀ-ਸਰਦੀ ਦੀਆਂ ਛੁੱਟੀਆਂ

| | |
|---|---|
| (1.) ਗਰਮੀ ਦੀਆਂ ਛੁੱਟੀਆਂ | 01-06-2024 ਤੋਂ 07-07-2024 ਤੱਕ |
| (2.) ਸਰਦੀ ਦੀਆਂ ਛੁੱਟੀਆਂ | 27-12-2024 ਤੋਂ 10-01-2025 ਤੱਕ |

### ਰੈਗੂਲਰ ਕਲਾਸਾਂ (ਐਂਟਰੀ ਪੁਆਇੰਟ ਕੋਰਸ ਅਤੇ ਚਲਦੇ ਕੋਰਸ (UG) ਸ਼ੁਰੂ ਹੋਣ ਦੀ ਮਿਤੀ 01-08-2024

### ਲੇਟ ਦਾਖਲਾ ਫੀਸ ਦਾ ਸ਼ਡਿਊਲ (ਅੰਡਰ-ਗੈਜੂਏਟ ਕੋਰਸ (ਐਂਟਰੀ ਪੁਆਇੰਟ ਦਾਖਲੇ)

| | | |
|---|---|---|
| I | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 01-08-2024 ਤੋਂ 08-08-2024 ਤੱਕ |
| ii | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 09-08-2024 ਤੋਂ 20-08-2024 ਤੱਕ |
| iii | 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਜੀ ਪ੍ਰਵਾਨਗੀ ਨਾਲ | 21-08-2024 ਤੋਂ 28-08-2024 ਤੱਕ |
| iv | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ! ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗਗੀ ਨਾਲ | 29-08-2024 ਤੋਂ 06-09-2024 ਤੱਕ |

### ਰੈਗੂਲਰ ਕਲਾਸਾਂ (ਐਂਟਰੀ ਪੁਆਇੰਟ ਕੋਰਸ ਅਤੇ ਚਲਦੇ ਕੋਰਸ (PG) ਸ਼ੁਰੂ ਹੋਣ ਦੀ ਮਿਤੀ 01-08-2024

### ਲੇਟ ਦਾਖਲਾ ਫੀਸ ਦਾ ਸ਼ਡਿਊਲ (ਪੋਸਟ- ਗੈਜੂਏਟ ਕੋਰਸ (ਐਂਟਰੀ ਪੁਆਇੰਟ ਦਾਖਲੇ)

| | | |
|---|---|---|
| I | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 12-08-2024 ਤੋਂ 20-08-2024 ਤੱਕ |
| ii | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 21-08-2024 ਤੋਂ 29-08-2024 ਤੱਕ |
| iii | 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਜੀ ਪ੍ਰਵਾਨਗੀ ਨਾਲ | 30-08-2024 ਤੋਂ 09-09-2024 ਤੱਕ |
| iv | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗਗੀ ਨਾਲ | 10-09-2024 ਤੋਂ 17-09-2024 ਤੱਕ |

ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2023-24 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੀ ਹੈ, ਪਾਸ ਕਰਨ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਾਥੀਆਂ ਲਈ ਸੈਸ਼ਨ 2024-25 ਦੇ ਦਾਖਲਿਆਂ ਦਾ ਸ਼ਡਿਊਲ (ਚਲਦੇ ਕੋਰਸਾਂ ਦੇ ਦਾਖਲੇ):-

| | | |
|---|---|---|
| I | ਬਿਨਾਂ ਲੈਣ ਫੀਸ ਦਾਖਲਾ | (i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 20 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| ii | 500/- ਰੁਪਏ ਲੈਣ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (1) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| iii | 1000/- ਰੁਪਏ ਲੈਣ ਫੀਸ ਅਤੇ ਡੀਨ, ਕਾਲਜ ਵਿਕਾਸ ਕੌਸਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (2) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| iv | 2000/- ਰੁਪਏ ਲੈਣ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv) ਉਪਰੋਕਤ (3) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |

ਜਿਨ੍ਹਾਂ ਵਿਦਿਆਰਥੀਆਂ ਨੇ ਨਤੀਜੇ ਪੰਜਾਬੀ ਯੂਨੀਵਰਸਿਟੀ ਵੱਲੋਂ ਦੇਰੀ ਨਾਲ ਐਲਾਨੇ ਜਾਣਗੇ, ਉਨ੍ਹਾਂ ਨੂੰ ਅਗਲੀ ਕਲਾਸ ਵਿੱਚ ਦਾਖਲਾ10 ਕੰਮ-ਕਾਜੀ ਦਿਨਾਂ ਵਿੱਚ ਇਸ ਸ਼ਰਤ ਤੇ ਦਿੱਤਾ ਜਾਵੇ ਕਿ ਨਤੀਜਾ ਰੁਕਣ ਵਿੱਚ ਵਿਦਿਆਰਥੀ ਦਾ ਆਪਣਾ ਕੋਈ ਕਸੂਰ ਨਾ ਹੋਵੇ।

| For UG Classes | | For PG Classes | |
|---|---|---|---|
| ਸਮੈਸਟਰ-1 ਦੀ ਅਵਧੀ | 22-11-2024 | ਸਮੈਸਟਰ-1 ਦੀ ਅਵਧੀ | 22-11-2024 |
| ਸਮੈਸਟਰ-1 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 27-11-2024 | ਸਮੈਸਟਰ-1 ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 27-11-2024 |
| ਸਮੈਸਟਰ -II ਦੀ ਅਵਧੀ | 30-04-2025 | ਸਮੈਸਟਰ -II ਦੀ ਅਵਧੀ | 30-04-2025 |
| ਸਮੈਸਟਰ-II ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 05-05-2025 | ਸਮੈਸਟਰ-II ਦੀਆਂ ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ | 05-05-2025 |

# ਅਧਿਆਪਨ ਸਟਾਫ਼ (Teaching Faculty)

## ਪ੍ਰਿੰਸੀਪਲ :
## ਸ੍ਰੀ ਰਾਜੇਸ਼ ਕੁਮਾਰ ਖਨਗਵਾਲ
**P.E.S.-1**

### ਪੰਜਾਬੀ ਵਿਭਾਗ
1. ਡਾ. ਨਰਿੰਦਰਜੀਤ ਸਿੰਘ ਬਰਾੜ *
2. ਡਾ. ਪ੍ਰਭਸ਼ਰਨ ਜੋਤ ਕੌਰ *
3. ਸ਼੍ਰੀ ਬੂਟਾ ਸਿੰਘ **
4. ਡਾ. ਨਛੱਤਰ ਸਿੰਘ **
5. ਡਾ. ਕੁਲਵਿੰਦਰ ਕੌਰ **
6. ਸ਼੍ਰੀਮਤੀ ਕਿਰਨ ਬਾਲਾ **
7. ਡਾ. ਸੁਰਿੰਦਰ ਕੌਰ **
8. ਸ਼੍ਰੀ ਮਲਕੀਤ ਸਿੰਘ **
9. ਸ਼੍ਰੀ ਭਗਵੰਤ ਸਿੰਘ **
10. ਸ਼੍ਰੀ ਹਰਪ੍ਰੀਤ ਸਿੰਘ **

11 ਤੋਂ 14 ਅਸਾਮੀਆਂ ਖਾਲੀ

### ਅੰਗਰੇਜ਼ੀ ਵਿਭਾਗ
1. ਡਾ. ਨਿਰਵਰਿੰਦਰ ਕੌਰ ਸੰਧੂ
2. ਡਾ. ਸ਼ਾਲਿਨੀ ਗੋਇਲ
3. ਸ਼੍ਰੀਮਤੀ ਪਰਮਜੀਤ ਕੌਰ
4. ਸ਼੍ਰੀਮਤੀ ਅਕਾਸ਼ਦੀਪ ਕੌਰ **
5. ਡਾ. ਰਮਨਦੀਪ ਕੌਰ **

06 ਤੋਂ 09 ਅਸਾਮੀਆਂ ਖਾਲੀ

### ਗਣਿਤ ਵਿਭਾਗ
1. ਮਿਸ ਆਰਤੀ ਰਾਣੀ **

02 ਤੋਂ 03 ਅਸਾਮੀਆਂ ਖਾਲੀ

### ਅਰਥ ਵਿਗਿਆਨ ਵਿਭਾਗ
1. ਡਾ. ਵੀਰਪਾਲ ਕੌਰ **
2. ਡਾ. ਗਗਨਦੀਪ ਕੌਰ **
3. ਖਾਲੀ

### ਸੰਗੀਤ ਵਿਭਾਗ
1. ਡਾ. ਰਾਜੇਸ਼ ਮੋਹਨ
2. ਡਾ. ਅੰਸ਼ੂਮਤੀ
3. ਡਾ. ਅਮਨਪ੍ਰੀਤ ਕੌਰ **
4. ਖਾਲੀ

ਨੋਟ : **1.** ਜਿੱਥੇ * ਦਾ ਨਿਸ਼ਾਨ ਹੈ ਉੱਥੇ ਪਾਰਟ-ਟਾਈਮ ਅਧਿਆਪਕ ਕੰਮ ਕਰ ਰਿਹਾ ਹੈ।
**2.** ਜਿੱਥੇ ** ਦਾ ਨਿਸ਼ਾਨ ਹੈ ਉੱਥੇ ਗੈਸਟ ਫੈਕਲਟੀ ਅਧਿਆਪਕ ਕੰਮ ਕਰ ਰਿਹਾ ਹੈ।
**3.** ਖਾਲੀ ਅਸਾਮੀਆਂ ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗੈਸਟ ਫੈਕਲਟੀ ਲੈਕਚਰਾਰ ਦੀ ਨਿਯੁਕਤੀ ਕੀਤੀ ਜਾਂਦੀ ਹੈ।

### ਭੂਗੋਲ ਵਿਭਾਗ
1. ਸ਼੍ਰੀ ਨਵਦੀਪ ਸਿੰਘ **
2. ਸ਼੍ਰੀਮਤੀ ਮਨਿੰਦਰ ਕੌਰ ਵਿਰਕ **
3. ਸ਼੍ਰੀ ਅਰਮਿੰਦਰ ਸਿੰਘ **
4. ਸ਼੍ਰੀ ਗੁਰਲਾਲ ਸਿੰਘ **
5. ਖਾਲੀ

### ਕਮਰਸ ਵਿਭਾਗ
1. ਡਾ. ਪੂਜਾ ਭੱਲਾ
2. ਡਾ. ਗਗਨਦੀਪ ਕੌਰ *
3. ਸ਼੍ਰੀਮਤੀ ਪਵਨਪ੍ਰੀਤ ਕੌਰ *
4. ਖਾਲੀ

### ਸਰੀਰਕ ਸਿੱਖਿਆ ਵਿਭਾਗ
1. ਸ਼੍ਰੀ ਹਰਜਿੰਦਰ ਸਿੰਘ
2. ਸ਼੍ਰੀਮਤੀ ਮਹਿੰਦਰਜੀਤ ਕੌਰ ਬਰਾੜ **
3. ਸ਼੍ਰੀਮਤੀ ਰਮਨਦੀਪ ਕੌਰ **

### ਭੌਤਿਕ ਵਿਗਿਆਨ ਵਿਭਾਗ
1. ਸ਼੍ਰੀ ਹਰਜੀਤ ਸਿੰਘ *
2. ਡਾ. ਅਮਿਤ ਜੋਸ਼ੀ **
3. ਡਾ. ਸ਼ਿਵ ਸ਼ਕਤੀ ਸਿੰਘ **

### ਬਨਸਪਤੀ ਵਿਗਿਆਨ ਵਿਭਾਗ
1. ਡਾ. ਦੀਪਾ ਗੋਇਲ
2. ਡਾ. ਮੀਨੂੰ ਗੁਪਤਾ
3. ਮਿਸ ਨਵਪ੍ਰੀਤ ਅਰੋੜਾ **

### ਰਸਾਇਣ ਵਿਗਿਆਨ ਵਿਭਾਗ
1. ਡਾ. ਅਮਿਤਾ ਰਾਣੀ *
2. ਸ਼੍ਰੀਮਤੀ ਗਗਨਦੀਪ ਕੌਰ **
3. ਸ਼੍ਰੀ ਗਗਨਦੀਪ ਸਿੰਘ **

04 ਤੋਂ 05 ਅਸਾਮੀ ਖਾਲੀ

### ਖੇਤੀਬਾੜੀ ਵਿਭਾਗ
1. ਸ਼੍ਰੀ ਸ਼ਮਸ਼ੇਰ ਸਿੰਘ
2. ਸ਼੍ਰੀ ਹਿਮਾਂਸ਼ੂ ਨਾਗਪਾਲ
3. ਸ਼੍ਰੀਮਤੀ ਰਾਜਵੀਰ ਕੌਰ *
4. ਸ਼੍ਰੀਮਤੀ ਦਪਿੰਦਰਜੀਤ ਸੁਖੀਜਾ **
5. ਸ਼੍ਰੀ ਜੋਤਮਨਿੰਦਰ ਸਿੰਘ **

## ਜੰਤੂ ਵਿਗਿਆਨ ਵਿਭਾਗ

1. ਸ਼੍ਰੀਮਤੀ ਵਰਿੰਦਰ ਮੱਕੜ *
2. ਸ਼੍ਰੀਮਤੀ ਅਮਨਪ੍ਰੀਤ ਕੌਰ **
3. ਸ਼੍ਰੀਮਤੀ ਸੁਖਪਾਲ ਕੌਰ **

## ਹਿੰਦੀ ਵਿਭਾਗ

1. ਸ਼੍ਰੀਮਤੀ ਸੋਨਿਕਾ ਰਾਣੀ **

## ਇਤਿਹਾਸ ਵਿਭਾਗ

1. ਸ਼੍ਰੀਮਤੀ ਪਰਮਜੀਤ ਕੌਰ **
2. ਸ਼੍ਰੀਮਤੀ ਜੈਸਮੀਨ ਵਾਲੀਆ **
3. ਸ਼੍ਰੀ ਇੰਦਰਦੀਪ ਸਿੰਘ **

## ਰਾਜਨੀਤੀ ਸ਼ਾਸਤਰ ਵਿਭਾਗ

1. ਸ਼੍ਰੀ. ਸੁਖਜੀਤ ਸਿੰਘ **
2. ਡਾ. ਅਮਰਜੀਤ ਕੌਰ **
3. ਸ਼੍ਰੀਮਤੀ ਕੌਸ਼ਲ ਰਾਣੀ **

## ਫਿਲਾਸਫੀ ਵਿਭਾਗ

1. ਸ਼੍ਰੀਮਤੀ ਦੇਵਿਕਾ ਸ਼ਰਮਾ**

## ਲਾਇਬਰੇਰੀ ਵਿਭਾਗ

1. ਖਾਲੀ (ਲਾਇਬਰੇਰੀਅਨ)
2. ਖਾਲੀ (ਲਾਇਬਰੇਰੀਅਨ)

## ਦਫਤਰੀ ਸਟਾਫ਼

1. ਖਾਲੀ (ਸੁਪਰਡੈਂਟ)
2. ਸ਼੍ਰੀਮਤੀ ਗੁਰਮੀਤ ਕੌਰ (ਸਟੈਨੋ)
3. ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
4. ਸ਼੍ਰੀ ਜਸਪ੍ਰੀਤ ਸਿੰਘ (ਜੂਨੀਅਰ ਸਹਾਇਕ)
5. ਸ਼੍ਰੀਮਤੀ ਸੁਨੀਤਾ ਰਾਣੀ (ਜੂਨੀਅਰ ਸਹਾਇਕ)
6. ਸ਼੍ਰੀਮਤੀ ਸੁਮਨ ਦੇਵੀ (ਕਲਰਕ ਲੀਗਲ)
7. ਮਿਸ ਹਰਦੀਪ ਕੌਰ (ਕਲਰਕ ਕਮ ਡਾਟਾ ਐਂਟਰੀ ਓਪਰੇਟਰ)
8. ਖਾਲੀ (ਕਮਰਸ ਇੰਸਟਰੱਕਟਰ)

## ਐਸ.ਐਲ.ਏ.

1. ਸ਼੍ਰੀ ਕੰਵਰਜੀਤ ਸਿੰਘ 2. ਸ਼੍ਰੀਮਤੀ ਵੀਰਪਾਲ ਕੌਰ

3 ਤੋਂ 8 ਤੱਕ ਖਾਲੀ

## ਜੇ.ਐਲ.ਏ.

1 ਤੋਂ 9 ਤੱਕ ਖਾਲੀ

## ਐਲ.ਏ.

1. ਸ਼੍ਰੀ ਅਮਰਜੀਤ ਸਿੰਘ

2 ਤੋਂ 4 ਤੱਕ ਖਾਲੀ

## ਸੀਨੀਅਰ.ਐਲ.ਏ.

1. ਸ਼੍ਰੀ ਰੁਪਿੰਦਰ ਸਿੰਘ
2. ਸ਼੍ਰੀ ਸੁਖਜੀਤ ਸਿੰਘ
3. ਸ਼੍ਰੀ ਸੰਦੀਪ ਕੁਮਾਰ

4 ਤੋਂ 7 ਤੱਕ ਅਸਾਮੀਆਂ ਖਾਲੀ

## ਤਬਲਾ ਪਲੇਅਰ

ਸ਼੍ਰੀ ਅਨਿਲ ਕੁਮਾਰ

## ਲਾਇਬਰੇਰੀ ਸਟਾਫ

1. ਖਾਲੀ (ਲਾਇਬਰੇਰੀ ਰਿਸਟੋਰਰ)
2. ਖਾਲੀ (ਲਾਇਬਰੇਰੀ ਅਟੈਂਡੰਟ)

## ਗੈਸਮੈਨ

1. ਅਸਾਮੀ ਖਾਲੀ

## ਟਰੈਕਟਰ ਡਰਾਈਵਰ

. ਅਸਾਮੀ ਖਾਲੀ

## ਸੇਵਾਦਾਰ ਸਟਾਫ

1. ਸ਼੍ਰੀ ਸੁਰਜੀਤ ਸਿੰਘ

ਅਸਾਮੀਆਂ ਖਾਲੀ – (ਮੇਡ ਸਰਵੈਂਟ-1), (ਸੇਵਾਦਾਰ-2), ਅਤੇ (ਵਾਟਰਮੈਨ-1)

## ਚੌਕੀਦਾਰ

1 ਤੋਂ 2 ਤੱਕ ਅਸਾਮੀਆਂ ਖਾਲੀ

## ਐਨੀਮਲ ਕੁਲੈਕਟਰ

ਅਸਾਮੀ ਖਾਲੀ

## ਮਕੈਨਿਕ-ਕਮ-ਇਲੈਕਟ੍ਰੀਸ਼ੀਅਨ

ਅਸਾਮੀ ਖਾਲੀ

## ਹੋਸਟਲ ਸੁਪਰਡੈਂਟ

ਅਸਾਮੀ ਖਾਲੀ

## ਚੌਕੀਦਾਰ-ਕਮ-ਅਟੈਂਡੈਂਟ

1. ਸ਼੍ਰੀਮਤੀ ਜਸਵੀਰ ਕੌਰ
2. ਸ਼੍ਰੀ ਸੁਰਿੰਦਰ ਸਿੰਘ

03 ਤੋਂ 04 ਅਸਾਮੀ ਖਾਲੀ

## ਬੇਲਦਾਰ

1. ਸ਼੍ਰੀ ਰੇਸ਼ਮ ਸਿੰਘ 2. ਸ਼੍ਰੀਮਤੀ ਰਾਜ ਰਾਣੀ

3 ਤੋਂ 10 ਤੱਕ ਅਸਾਮੀਆਂ ਖਾਲੀ

## ਸਫਾਈ ਸੇਵਕ

1. ਸ਼੍ਰੀ ਜਗਦੇਵ ਸਿੰਘ 2. ਸ਼੍ਰੀ ਪਰਵੀਨ ਕੁਮਾਰ

3 ਤੋਂ 5 ਤੱਕ ਅਸਾਮੀਆਂ ਖਾਲੀ

## ਲੇਬਰ-ਕਾਊਂਜ ਐਂਡ ਚਿਕਨ

1 ਤੋਂ 6 ਤੱਕ ਅਸਾਮੀਆਂ ਖਾਲੀ

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

## ਸੀਨੀਅਰ ਟਿਊਟਰ

ਡਾ. ਪੂਜਾ ਭੱਲਾ

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ

ਡਾ. ਨਿਰਵਰਿੰਦਰ ਕੌਰ ਸੰਧੂ (ਮੈਂਬਰ ਸਕੱਤਰ)

## ਕਾਲਜ ਬਰਸਰ

1. ਡਾ. ਪੂਜਾ ਭੱਲਾ

## ਕਾਲਜ ਕੌਂਸਲ

1. ਡਾ. ਪੂਜਾ ਭੱਲਾ
2. ਡਾ. ਨਿਰਵਰਿੰਦਰ ਕੌਰ ਸੰਧੂ
3. ਡਾ. ਰਾਜੇਸ਼ ਮੋਹਨ
4. ਡਾ. ਸ਼ਾਲਿਨੀ ਗੋਇਲ
5. ਸ਼੍ਰੀਮਤੀ ਪਰਮਜੀਤ ਕੌਰ (ਅੰਗਰੇਜ਼ੀ)

## ਡੀਨ ਸਟੂਡੈਂਟ ਵੈਲਫੇਅਰ

1. ਡਾ. ਨਿਰਵਰਿੰਦਰ ਕੌਰ ਸੰਧੂ

## ਸਟਾਫ਼ ਸਕੱਤਰ

1. ਡਾ. ਨਿਰਵਰਿੰਦਰ ਕੌਰ ਸੰਧੂ

## ਟਾਈਮ ਟੇਬਲ ਕਮੇਟੀ

1. ਡਾ. ਸ਼ਾਲਿਨੀ ਗਰਗ (ਕਨਵੀਨਰ)
2. ਸ਼੍ਰੀਮਤੀ ਪਰਮਜੀਤ ਕੌਰ (ਅੰਗ੍ਰੇਜ਼ੀ)
3. ਡਾ. ਦੀਪਾ ਗੋਇਲ
4. ਡਾ. ਪ੍ਰਭਸ਼ਰਨਜੋਤ ਕੌਰ
5. ਡਾ. ਅਮਿਤਾ ਰਾਣੀ

## ਕਾਲਜ ਪ੍ਰਾਪਰਟੀ

1. ਡਾ. ਨਰਿੰਦਰਜੀਤ ਸਿੰਘ ਬਰਾੜ
2. ਸ਼੍ਰੀ ਨਵਦੀਪ ਸਿੰਘ
3. ਸ਼੍ਰੀ ਜੋਤਮਨਿੰਦਰ ਸਿੰਘ
4. ਸ਼੍ਰੀ ਕੰਵਰਜੀਤ ਸਿੰਘ (ਸਹਾਇਕ)

## ਰੀ-ਅਡਮੀਸ਼ਨ ਕਮੇਟੀ

1. ਡਾ. ਮੀਨੂੰ ਗੁਪਤਾ (ਕਨਵੀਨਰ)
2. ਡਾ. ਪ੍ਰਭਸ਼ਰਨਜੋਤ ਕੌਰ
3. ਸ਼੍ਰੀਮਤੀ ਪਵਨਪ੍ਰੀਤ ਕੌਰ
4. ਸ਼੍ਰੀਮਤੀ ਰਾਜਬੀਰ ਕੌਰ
5. ਸ਼੍ਰੀ ਸੁਖਜੀਤ ਸਿੰਘ
6. ਸ਼੍ਰੀਮਤੀ ਜੈਸਮੀਨ ਵਾਲੀਆ

## ਪ੍ਰੀਖਿਆਵਾਂ ਸਬੰਧੀ ਕਮੇਟੀ

1. ਸ਼੍ਰੀਮਤੀ ਪਰਮਜੀਤ ਕੌਰ (ਰਜਿਸਟਰਾਰ)
2. ਡਾ. ਅੰਸ਼ੂਮਤੀ
3. ਡਾ. ਗਗਨਦੀਪ ਕੌਰ
4. ਡਾ. ਅਮਿਤਾ ਰਾਣੀ
5. ਸ਼੍ਰੀਮਤੀ ਰਾਜਵੀਰ ਕੌਰ
6. ਸ਼੍ਰੀਮਤੀ ਸੋਨਿਕਾ ਰਾਣੀ
7. ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਯੂ.ਜੀ.ਸੀ. ਕਮੇਟੀ

1. ਡਾ. ਅਮਿਤਾ ਰਾਣੀ (ਕਨਵੀਨਰ)
2. ਸ਼੍ਰੀਮਤੀ ਵਰਿੰਦਰ ਮੱਕੜ
3. ਸ਼੍ਰੀਮਤੀ ਪਵਨਪ੍ਰੀਤ ਕੌਰ
3. ਸ਼੍ਰੀਮਤੀ ਸੁਖਪਾਲ ਕੌਰ

## AISHE ਕਮੇਟੀ

1. ਡਾ. ਅੰਸ਼ੂਮਤੀ (ਨੋਡਲ ਅਫ਼ਸਰ)
2. ਡਾ. ਮੀਨੂ ਗੁਪਤਾ
3. ਮਿਸ ਆਰਤੀ

## ਰਿਸਰਚ ਐਂਡ ਇਨੋਵੇਸ਼ਨ ਸੈੱਲ/ਇੰਸਟੀਚਿਊਸ਼ਨਲ ਇਨੋਵੇਸ਼ਨ ਕਾਊਂਸਲ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਡਾ. ਅੰਸ਼ੂਮਤੀ
3. ਡਾ. ਅਮਿਤਾ ਰਾਣੀ
4. ਡਾ. ਗਗਨਦੀਪ ਕੌਰ
5. ਡਾ. ਸ਼ਿਵ ਸ਼ਕਤੀ ਸਿੰਘ
6. ਮਿਸ. ਨਵਪ੍ਰੀਤ ਅਰੋੜਾ

## ਨੈਕ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕੋਆਰਡੀਨੇਟਰ)
2. ਸ਼੍ਰੀਮਤੀ ਪਰਮਜੀਤ ਕੌਰ (ਅੰਗ੍ਰੇਜ਼ੀ)
3. ਡਾ. ਦੀਪਾ ਗੋਇਲ
4. ਡਾ. ਮੀਨੂ ਗੁਪਤਾ
5. ਡਾ. ਅੰਸ਼ੂਮਤੀ
6. ਡਾ. ਗਗਨਦੀਪ ਕੌਰ (ਕਾਮਰਸ)
7. ਸ਼੍ਰੀਮਤੀ ਪਵਨਪ੍ਰੀਤ ਵਾਲੀਆ

## ਆਰ.ਟੀ.ਆਈ. ਸੈੱਲ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਸ਼੍ਰੀਮਤੀ ਪਰਮਜੀਤ ਕੌਰ (ਅੰਗ੍ਰੇਜ਼ੀ)
3. ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
4. ਸ਼੍ਰੀਮਤੀ ਸੁਮਨ ਦੇਵੀ (ਲੀਗਲ ਕਲਰਕ)

## ਕੌਮੀ ਸੇਵਾ ਯੋਜਨਾ (ਐਨ.ਐਸ.ਐਸ.)

1. ਸ਼੍ਰੀ ਹਿਮਾਂਸ਼ੂ ਨਾਗਪਾਲ
2. ਸ਼੍ਰੀਮਤੀ ਮਨਿੰਦਰ ਕੌਰ ਵਿਰਕ
3. ਡਾ. ਵੀਰਪਾਲ ਕੌਰ
4. ਸ਼੍ਰੀ ਹਰਪ੍ਰੀਤ ਸਿੰਘ
5. ਸ਼੍ਰੀ ਗਗਨਦੀਪ ਸਿੰਘ

## ਰੈੱਡ ਰਿਬਨ ਕਲੱਬ

1. ਸ਼੍ਰੀ ਸੁਖਜੀਤ ਸਿੰਘ
2. ਸ਼੍ਰੀਮਤੀ ਕਿਰਨ ਬਾਲਾ
3. ਸ਼੍ਰੀਮਤੀ ਸੋਨਿਕਾ ਰਾਣੀ
4. ਸ਼੍ਰੀ ਗੁਰਲਾਲ ਸਿੰਘ

## ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ (ਰੂਸਾ)

1. ਡਾ. ਨਿਰਵਰਿੰਦਰ ਕੌਰ ਸੰਧੂ
2. ਡਾ. ਦੀਪਾ ਗੋਇਲ
3. ਡਾ. ਮੀਨੂੰ ਗੁਪਤਾ
4. ਸ਼੍ਰੀ ਹਿਮਾਂਸ਼ੂ ਨਾਗਪਾਲ
5. ਸ਼੍ਰੀ ਹਰਜੀਤ ਸਿੰਘ
6. ਸ਼੍ਰੀਮਤੀ ਵਰਿੰਦਰ ਮੱਕੜ
7. ਡਾ. ਅਮਿਤਾ ਰਾਣੀ
8. ਸ਼੍ਰੀ ਰੁਪਿੰਦਰ ਸਿੰਘ (ਸਹਾਇਕ)
9. ਮਿਸ. ਹਰਦੀਪ ਕੌਰ (ਕਲਰਕ-ਕਮ-ਡਾਟਾ ਐਂਟਰੀ ਓਪਰੇਟਰ)

## ਰੈੱਡ ਕਰਾਸ ਕਮੇਟੀ

1. ਡਾ. ਗਗਨਦੀਪ ਕੌਰ (ਕਮਰਸ)
2. ਸ਼੍ਰੀਮਤੀ ਕਿਰਨ ਬਾਲਾ
3. ਡਾ. ਅਮਰਜੀਤ ਕੌਰ
4. ਸ਼੍ਰੀ ਅਰਮਿੰਦਰ ਸਿੰਘ
5. ਸ਼੍ਰੀ ਗੁਰਲਾਲ ਸਿੰਘ
6. ਡਾ. ਸੁਰਿੰਦਰ ਕੌਰ
7. ਡਾ. ਗਗਨਦੀਪ ਕੌਰ (ਇਕਨਾਮਿਕਸ)

## ਕੈਰੀਅਰ ਕਾਊਂਸਲਿੰਗ ਸੈੱਲ (ਲੜਕੇ/ਲੜਕੀਆਂ)

1. ਸ਼੍ਰੀ ਹਰਜੀਤ ਸਿੰਘ (ਕਨਵੀਨਰ)
2. ਸ਼੍ਰੀਮਤੀ ਅਕਾਸ਼ਦੀਪ ਕੌਰ
3. ਸ਼੍ਰੀ ਮਲਕੀਤ ਸਿੰਘ
4. ਸ਼੍ਰੀ ਭਗਵੰਤ ਸਿੰਘ

## ਪਲੇਸਮੈਂਟ ਸੈੱਲ (ਲੜਕੇ/ਲੜਕੀਆਂ)

1. ਡਾ. ਅਮਿਤਾ ਰਾਣੀ (ਕਨਵੀਨਰ)
2. ਸ਼੍ਰੀ ਸੁਖਜੀਤ ਸਿੰਘ
3. ਸ਼੍ਰੀਮਤੀ ਪਰਮਜੀਤ (ਇਤਿਹਾਸ ਵਿਭਾਗ)
4. ਸ਼੍ਰੀਮਤੀ ਦੇਵਿਕਾ ਸ਼ਰਮਾ

## ਸਕਿੱਲ ਡਿਵੈਲਪਮੈਂਟ ਸੈੱਲ (ਲੜਕੇ/ਲੜਕੀਆਂ)

1. ਸ਼੍ਰੀ ਸ਼ਮਸ਼ੇਰ ਸਿੰਘ (ਕਨਵੀਨਰ)
2. ਸ਼੍ਰੀਮਤੀ ਪਵਨਪ੍ਰੀਤ ਵਾਲੀਆ
3. ਸ਼੍ਰੀਮਤੀ ਦੀਪਇੰਦਰਜੀਤ ਕੌਰ
4. ਡਾ. ਸੁਰਿੰਦਰ ਕੌਰ

## ਕਾਲਜ ਕੈਂਪਸ ਸੁੰਦਰਤਾ ਵਿਭਾਗ

1. ਸ਼੍ਰੀ ਹਰਜਿੰਦਰ ਸਿੰਘ (ਕਨਵੀਨਰ ਅਤੇ ਇੰਚਾਰਜ਼ ਦਰਜਾਚਾਰ ਕਰਮਚਾਰੀ)
2. ਸ਼੍ਰੀ ਸ਼ਮਸ਼ੇਰ ਸਿੰਘ
3. ਡਾ. ਦੀਪਾ ਗੋਇਲ
4. ਸ਼੍ਰੀਮਤੀ ਰਾਜਵੀਰ ਕੌਰ
5. ਸ਼੍ਰੀ ਅਰਮਿੰਦਰ ਸਿੰਘ
6. ਸ਼੍ਰੀ ਗੁਰਲਾਲ ਸਿੰਘ
7. ਸ਼੍ਰੀ ਹਰਪ੍ਰੀਤ ਸਿੰਘ
8. ਸ਼੍ਰੀਮਤੀ ਸੁਖਪਾਲ ਕੌਰ
9. ਸ਼੍ਰੀਮਤੀ ਅਮਨਪ੍ਰੀਤ ਕੌਰ

## ਬਿਲਡਿੰਗ ਨਿਰਮਾਣ ਅਤੇ ਰੱਖ-ਰਖਾਵ ਕਮੇਟੀ

1. ਸ਼੍ਰੀ ਸ਼ਮਸ਼ੇਰ ਸਿੰਘ
2. ਸ਼੍ਰੀਮਤੀ ਰਾਜਵੀਰ ਕੌਰ
3. ਡਾ. ਅਮਿਤਾ ਰਾਣੀ
4. ਸ਼੍ਰੀਮਤੀ ਵਰਿੰਦਰ ਮੱਕੜ
5. ਡਾ. ਗਗਨਦੀਪ ਕੌਰ (ਕਮਰਸ)
6. ਸ਼੍ਰੀ ਬੂਟਾ ਸਿੰਘ
7. ਸ਼੍ਰੀ ਅਰਮਿੰਦਰ ਸਿੰਘ

## ਕਾਲਜ ਅਨੁਸ਼ਾਸਨ ਕਮੇਟੀ

1. ਸ਼੍ਰੀ ਹਰਜਿੰਦਰ ਸਿੰਘ (ਕਨਵੀਨਰ)
2. ਡਾ. ਨਰਿੰਦਰਜੀਤ ਸਿੰਘ ਬਰਾੜ
3. ਡਾ. ਪ੍ਰਭਸ਼ਰਨ ਜੋਤ ਕੌਰ
4. ਸ਼੍ਰੀ ਹਰਜੀਤ ਸਿੰਘ
5. ਸ਼੍ਰੀਮਤੀ ਅਮਿਤਾ ਰਾਣੀ
6. ਸ਼੍ਰੀਮਤੀ ਵਰਿੰਦਰ ਮੱਕੜ
7. ਸ਼੍ਰੀਮਤੀ ਪਰਮਜੀਤ (ਇਤਿਹਾਸ ਵਿਭਾਗ)
8. ਸ਼੍ਰੀਮਤੀ ਮਹਿੰਦਰਜੀਤ ਕੌਰ
9. ਡਾ. ਸੁਰਿੰਦਰ ਕੌਰ

## ਛਪਾਈ ਕਮੇਟੀ

1. ਡਾ. ਪ੍ਰਭਸ਼ਰਨ ਜੋਤ ਕੌਰ (ਕਨਵੀਨਰ)
2. ਡਾ. ਕੁਲਵਿੰਦਰ ਕੌਰ
3. ਸ਼੍ਰੀਮਤੀ ਕਿਰਨ ਬਾਲਾ
4. ਸ਼੍ਰੀਮਤੀ ਕੌਸ਼ਲ ਰਾਣੀ
5. ਸ਼੍ਰੀਮਤੀ ਦੇਵਿਕਾ ਸ਼ਰਮਾ

## ਕਾਲਜ ਕੰਟੀਨ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਸ਼੍ਰੀ ਹਰਜਿੰਦਰ ਸਿੰਘ
3. ਡਾ. ਨਰਿੰਦਰਜੀਤ ਸਿੰਘ ਬਰਾੜ
4. ਡਾ. ਅਮਰਜੀਤ ਕੌਰ
5. ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਬੱਸ ਪਾਸ ਕਮੇਟੀ

1. ਡਾ. ਮੀਨੂੰ ਗੁਪਤਾ (ਕਨਵੀਨਰ)
2. ਡਾ. ਅੰਸ਼ੂਮਤੀ
3. ਡਾ. ਅਮਿਤਾ ਰਾਣੀ
4. ਡਾ. ਗਗਨਦੀਪ ਕੌਰ
5. ਸ਼੍ਰੀਮਤੀ ਵਰਿੰਦਰ ਮੱਕੜ
6. ਡਾ. ਨਛੱਤਰ ਸਿੰਘ
7. ਡਾ. ਵੀਰਪਾਲ ਕੌਰ
8. ਡਾ. ਗਗਨਦੀਪ ਕੌਰ (ਇਕਨਾਮਿਕਸ)
9. ਸ਼੍ਰੀ ਅਮਰਜੀਤ ਸਿੰਘ (ਸਹਾਇਕ)

## ਕਾਲਜ ਮੈਗਜ਼ੀਨ ਸੰਪਾਦਕੀ ਮੰਡਲ

1. ਡਾ. ਨਿਰਵਰਿੰਦਰ ਕੌਰ ਸੰਧੂ (ਮੁੱਖ ਸੰਪਾਦਕ)
2. ਡਾ. ਨਰਿੰਦਰਜੀਤ ਸਿੰਘ (ਪੰਜਾਬੀ)
3. ਡਾ. ਸ਼ਾਲਿਨੀ ਗੋਇਲ (ਅੰਗਰੇਜ਼ੀ)
4. ਡਾ. ਗਗਨਦੀਪ ਕੌਰ (ਕਮਰਸ)
5. ਸ਼੍ਰੀਮਤੀ ਵਰਿੰਦਰ ਮੱਕੜ (ਸਾਇੰਸ)
6. ਸ਼੍ਰੀਮਤੀ ਰਾਜਵੀਰ ਕੌਰ (ਖੇਤੀਬਾੜੀ)
7. ਸ਼੍ਰੀ ਸੁਖਜੀਤ ਸਿੰਘ (ਸੋਸਲ ਸਾਇਸ਼ਜ਼)
8. ਸ਼੍ਰੀਮਤੀ ਸੋਨਿਕਾ ਰਾਣੀ (ਹਿੰਦੀ)

## ਹੋਸਟਲ ਪ੍ਰਬੰਧਕ ਕਮੇਟੀ

1. ਸ਼੍ਰੀ ਸ਼ਮਸ਼ੇਰ ਸਿੰਘ (ਕਨਵੀਨਰ)
2. ਸ਼੍ਰੀ ਹਰਜਿੰਦਰ ਸਿੰਘ
3. ਸ਼੍ਰੀ ਹਰਜੀਤ ਸਿੰਘ
4. ਸ਼੍ਰੀ ਅਰਮਿੰਦਰ ਸਿੰਘ
5. ਸ੍ਰੀ ਜਸਪ੍ਰੀਤ ਸਿੰਘ (ਜੂਨੀਅਰ ਸਹਾਇਕ)

## ਸਾਈਕਲ ਸਟੈਂਡ ਕਮੇਟੀ

1. ਸ਼੍ਰੀ ਹਰਜਿੰਦਰ ਸਿੰਘ (ਕਨਵੀਨਰ)
2. ਸ਼੍ਰੀ ਸ਼ਮਸ਼ੇਰ ਸਿੰਘ
3. ਡਾ. ਪ੍ਰਭਸ਼ਰਨ ਜੋਤ ਕੌਰ
4. ਸ਼੍ਰੀ ਨਵਦੀਪ ਸਿੰਘ
5. ਸ਼੍ਰੀ ਜੋਤਮਨਿੰਦਰ ਸਿੰਘ

## ਕਾਲਜ ਕੈਂਪਸ (ਬਿਜਲੀ ਪ੍ਰਬੰਧ ਸਬੰਧੀ ਕਮੇਟੀ)

1. ਡਾ. ਨਰਿੰਦਰਜੀਤ ਸਿੰਘ ਬਰਾੜ (ਕਨਵੀਨਰ)
2. ਸ਼੍ਰੀ ਨਵਦੀਪ ਸਿੰਘ
3. ਸ਼੍ਰੀ ਜੋਤਮਨਿੰਦਰ ਸਿੰਘ
4. ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਐਸ.ਸੀ./ਐਸ.ਟੀ. ਵਿਦਿਆਰਥੀਆਂ ਨਾਲ ਪੱਖਪਾਤ ਰੋਕਣ ਸਬੰਧੀ ਕਮੇਟੀ

1. ਸ਼੍ਰੀ ਹਰਜੀਤ ਸਿੰਘ
2. ਸ਼੍ਰੀ ਗੁਰਲਾਲ ਸਿੰਘ
3. ਮਿਸ ਆਰਤੀ ਰਾਣੀ

## ਐਂਟੀ ਰੈਗਿੰਗ ਕਮੇਟੀ ਅਤੇ ਵਿਦਿਆਰਥੀ ਸ਼ਿਕਾਇਤ ਨਿਵਾਰਨ ਕਮੇਟੀ

1. ਸ਼੍ਰੀਮਤੀ ਮੀਨੂ ਗੁਪਤਾ
2. ਸ਼੍ਰੀ ਸ਼ਮਸ਼ੇਰ ਸਿੰਘ
3. ਸ਼੍ਰੀਮਤੀ ਮਹਿੰਦਰਜੀਤ ਕੌਰ
4. ਸ਼੍ਰੀਮਤੀ ਦੀਪਇੰਦਰਜੀਤ ਕੌਰ ਸੁਖੀਜਾ

## ਸਕਾਲਰਸ਼ਿਪ ਕਮੇਟੀ (ਐਸ.ਸੀ./ਬੀ.ਸੀ./ ਮਨਿਊਰਟੀ ਅਤੇ ਹੋਰ ਵਿਦਿਆਰਥੀਆਂ ਲਈ)

1. ਡਾ. ਸ਼ਾਲਿਨੀ ਗੋਇਲ (ਨੋਡਲ ਅਫ਼ਸਰ)
2. ਡਾ. ਮੀਨੂੰ ਗੁਪਤਾ (ਕਨਵੀਨਰ)
3. ਡਾ. ਦੀਪਾ ਗੋਇਲ
4. ਡਾ. ਅੰਸ਼ੂਮਤੀ
5. ਡਾ. ਅਮਿਤਾ ਰਾਣੀ
6. ਡਾ. ਪ੍ਰਭਸ਼ਰਨ ਜੋਤ ਕੌਰ
7. ਸ਼੍ਰੀਮਤੀ ਰਾਜਵੀਰ ਕੌਰ
8. ਸ਼੍ਰੀਮਤੀ ਪਵਨਪ੍ਰੀਤ ਕੌਰ
9. ਸ਼੍ਰੀਮਤੀ ਜਸਮੀਨ ਵਾਲੀਆ
10. ਮਿਸ ਨਵਪ੍ਰੀਤ ਅਰੋੜਾ
11. ਸ਼੍ਰੀਮਤੀ ਸੁਨੀਤਾ ਰਾਣੀ (ਸਹਾਇਕ)

## ਕੋਰਟ ਕੇਸਾਂ ਸਬੰਧੀ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਸ਼੍ਰੀ ਹਿਮਾਂਸ਼ੂ ਨਾਗਪਾਲ (ਨੋਡਲ ਅਫ਼ਸਰ)
3. ਡਾ. ਗਗਨਦੀਪ ਕੌਰ (ਕਮਰਸ)
4. ਸ਼੍ਰੀਮਤੀ ਪਵਨਪ੍ਰੀਤ ਕੌਰ
5. ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
6. ਸ਼੍ਰੀਮਤੀ ਸੁਮਨ ਦੇਵੀ (ਲੀਗਲ ਕਲਰਕ)

## ਸਵੀਮਿੰਗ ਪੂਲ ਕਮੇਟੀ

1. ਸ਼੍ਰੀ ਹਰਜਿੰਦਰ ਸਿੰਘ (ਕਨਵੀਨਰ)
2. ਸ਼੍ਰੀ ਹਿਮਾਂਸ਼ੂ ਨਾਗਪਾਲ
3. ਸ਼੍ਰੀ ਸ਼ਮਸ਼ੇਰ ਸਿੰਘ
4. ਡਾ. ਅੰਸ਼ੂਮਤੀ
5. ਸ਼੍ਰੀਮਤੀ ਮਹਿੰਦਰਜੀਤ ਕੌਰ
6. ਸ਼੍ਰੀਮਤੀ ਰਮਨਦੀਪ ਕੌਰ (ਫਿਜੀਕਲ ਐਜੂਕੇਸ਼ਨ)
7. ਡਾ. ਅਮਰਜੀਤ ਕੌਰ

## ਲਾਇਬਰੇਰੀ/ਈ ਲਾਇਬ੍ਰੇਰੀ ਕਮੇਟੀ

1. ਸ਼੍ਰੀਮਤੀ ਵਰਿੰਦਰ ਮੱਕੜ (ਕਨਵੀਨਰ)
2. ਡਾ. ਗਗਨਦੀਪ ਕੌਰ (ਕਮਰਸ)
3. ਸ਼੍ਰੀਮਤੀ ਪਵਨਪ੍ਰੀਤ ਕੌਰ
4. ਸ਼੍ਰੀਮਤੀ ਰਾਜਵੀਰ ਕੌਰ
5. ਸ਼੍ਰੀਮਤੀ ਮਹਿੰਦਰਜੀਤ ਕੌਰ
6. ਸ਼੍ਰੀ ਮਲਕੀਤ ਸਿੰਘ
7. ਸ਼੍ਰੀ ਭਗਵੰਤ ਸਿੰਘ
8. ਡਾ. ਰਮਨਦੀਪ ਕੌਰ (ਅੰਗਰੇਜ਼ੀ)
9. ਸ਼੍ਰੀ ਗਗਨਦੀਪ ਸਿੰਘ

## ਕਾਲਜ ਵੈਬ ਸਾਈਟ/ਸੋਫਟਵੇਅਰ/ਵਰਚੂਅਲ ਕਲਾਸ ਰੂਮ/ਆਈ.ਸੀ.ਟੀ. ਕਮੇਟੀ

1. ਡਾ. ਸ਼ਾਲਿਨੀ ਗੋਇਲ-ਕਾਲਜ ਵੈਬ ਸਾਈਟ
2. ਮਿਸ. ਹਰਦੀਪ ਕੌਰ<br>(ਸਹਾਇਕ/ਕਲਰਕ-ਕਮ-ਡਾਟਾ ਐਂਟਰੀ ਓਪਰੇਟਰ)
2. ਸ਼੍ਰੀਮਤੀ ਪਰਮਜੀਤ ਕੌਰ-ਸੋਫਟਵੇਅਰ ਕਨਵੀਨਰ
3. ਸ਼੍ਰੀ ਗੁਰਲਾਲ ਸਿੰਘ-ਸੋਫਟਵੇਅਰ ਮੈਂਬਰ
4. ਮਿਸ ਨਵਪ੍ਰੀਤ ਅਰੋੜਾ -ਸੋਫਟਵੇਅਰ ਮੈਂਬਰ
5. ਸ਼੍ਰੀ ਜਸਪ੍ਰੀਤ ਸਿੰਘ -ਸੋਫਟਵੇਅਰ ਸਹਾਇਕ
6. ਸ਼੍ਰੀਮਤੀ ਪਵਨਪ੍ਰੀਤ ਕੌਰ-ਵਰਚੂਅਲ ਕਲਾਸ ਰੂਮ
7. ਸ਼੍ਰੀਮਤੀ ਵਰਿੰਦਰ ਮੱਕੜ-ਵਾਈ-ਫਾਈ/ਇੰਟਰਨੈਟ
8. ਸ਼੍ਰੀਮਤੀ ਕੌਸ਼ਲ ਰਾਣੀ-ਵਾਈ-ਫਾਈ/ਇੰਟਰਨੈਟ
9. ਡਾ. ਸੁਰਿੰਦਰ ਕੌਰ -ਵਾਈ-ਫਾਈ/ਇੰਟਰਨੈਟ

## ਬ੍ਰਿਜਿੰਦਰਾ ਕਲਚਰਲ ਸੁਸਾਇਟੀ

1. ਡਾ. ਰਾਜੇਸ਼ ਮੋਹਨ (ਯੂਥ ਕੋਆਰਡੀਨੇਟਰ)
2. ਡਾ. ਸ਼ਾਲਿਨੀ ਗੋਇਲ (ਕੋ-ਯੂਥ ਕੋਆਰਡੀਨੇਟਰ)
3. ਸ਼੍ਰੀਮਤੀ ਪਰਮਜੀਤ ਕੌਰ (ਅੰਗਰੇਜ਼ੀ)
4 ਡਾ. ਅੰਸ਼ੂਮਤੀ
5. ਡਾ. ਗਗਨਦੀਪ ਕੌਰ (ਕਮਰਸ)
6. ਸ਼੍ਰੀ ਬੂਟਾ ਸਿੰਘ
7. ਡਾ. ਨਛੱਤਰ ਸਿੰਘ
8. ਡਾ. ਅਮਨਪ੍ਰੀਤ ਕੌਰ (ਸੰਗੀਤ)
9. ਸ਼੍ਰੀਮਤੀ ਸੁਖਪਾਲ ਕੌਰ

## ਕਾਲਜ ਵਿੱਚ ਔਰਤਾਂ ਵਿਰੁੱਧ ਹਿੰਸਾ ਰੋਕਣ ਅਤੇ ਐਂਟੀ ਸੈਕਸੂਅਲ ਹਿਰਾਸਮੈਂਟ ਸੈੱਲ

1. ਡਾ. ਪ੍ਰਭਸ਼ਰਨ ਜੋਤ ਕੌਰ (ਕਨਵੀਨਰ)
2. ਡਾ. ਅਮਿਤਾ ਰਾਣੀ
3. ਸ਼੍ਰੀਮਤੀ ਵਰਿੰਦਰ ਮੱਕੜ
4. ਸ਼੍ਰੀਮਤੀ ਅਕਾਸ਼ਦੀਪ ਕੌਰ
5. ਸ਼੍ਰੀਮਤੀ ਮਹਿੰਦਰਜੀਤ ਕੌਰ
6. ਡਾ. ਵੀਰਪਾਲ ਕੌਰ

## ਕਾਲਜ ਕੈਂਪਸ (ਪਾਣੀ ਸੀਵਰੇਜ਼ ਅਤੇ ਸੈਨੀਟੇਸ਼ਨ) ਸਬੰਧੀ ਕਮੇਟੀ

1. ਸ਼੍ਰੀਮਤੀ ਵਰਿੰਦਰ ਮੱਕੜ (ਕਨਵੀਨਰ)
2. ਡਾ. ਅਮਿਤ ਜੋਸ਼ੀ
3. ਸ਼੍ਰੀਮਤੀ ਪਰਮਜੀਤ ਸਿੱਧੂ (ਇਤਿਹਾਸ ਵਿਭਾਗ)
4. ਸ਼੍ਰੀ ਮਲਕੀਤ ਸਿੰਘ
5. ਸ਼੍ਰੀ ਭਗਵੰਤ ਸਿੰਘ
6. ਸ਼੍ਰੀ ਅਮਰਜੀਤ ਸਿੰਘ (ਸਹਾਇਕ)

## ਕਾਲਜ ਕੈਂਪਸ ਜਨਰੇਟਰ ਪ੍ਰਬੰਧ ਸਬੰਧੀ ਕਮੇਟੀ

1. ਸ਼੍ਰੀ ਹਰਜੀਤ ਸਿੰਘ (ਕਨਵੀਨਰ)
2. ਡਾ. ਅਮਿਤ ਜੋਸ਼ੀ
3. ਡਾ. ਸ਼ਿਵ ਸ਼ਕਤੀ ਸਿੰਘ
4. ਸ਼੍ਰੀਮਤੀ ਗਗਨਦੀਪ ਕੌਰ (ਕਮਿਸਟਰੀ)
5. ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਵਿਗਿਆਪਨ ਕਮੇਟੀ

1. ਡਾ. ਮੀਨੂ ਗੁਪਤਾ
2. ਡਾ. ਦੀਪਾ ਗੋਇਲ
3. ਸ਼੍ਰੀਮਤੀ ਕੌਸ਼ਲ ਰਾਣੀ
4. ਡਾ. ਰਮਨਦੀਪ ਕੌਰ

## ਰਾਈਟ ਟੂ ਸਰਵਿਸ ਸਬੰਧੀ ਕਮੇਟੀ

1. ਸ਼੍ਰੀ ਸ਼ਮਸ਼ੇਰ ਸਿੰਘ (ਨੋਡਲ ਅਫ਼ਸਰ)
2. ਸ਼੍ਰੀ ਹਰਜੀਤ ਸਿੰਘ
3. ਸ਼੍ਰੀ ਇੰਦਰਦੀਪ ਸਿੰਘ

## ਡੀ-ਫੇਸਿੰਗ ਆਫ਼ ਕਾਲਜ ਪ੍ਰਾਪਰਟੀ ਰੋਕਣ ਸਬੰਧੀ ਕਮੇਟੀ

1. ਡਾ. ਨਰਿੰਦਰਜੀਤ ਸਿੰਘ ਬਰਾੜ (ਕਨਵੀਨਰ)
2. ਸ਼੍ਰੀ ਹਰਜੀਤ ਸਿੰਘ
3. ਸ਼੍ਰੀ ਹਰਪ੍ਰੀਤ ਸਿੰਘ (ਪੰਜਾਬੀ)
4. ਸ਼੍ਰੀ ਰੁਪਿੰਦਰ ਸਿੰਘ (ਸਹਾਇਕ)

## ਨਸ਼ਿਆਂ ਦੀ ਰੋਕਥਾਮ ਸਬੰਧੀ ਕਮੇਟੀ

1. ਡਾ. ਨਰਿੰਦਰਜੀਤ ਸਿੰਘ ਬਰਾੜ (ਨੋਡਲ ਅਫ਼ਸਰ)
2. ਸ਼੍ਰੀ ਬੂਟਾ ਸਿੰਘ
3. ਸ਼੍ਰੀ ਜੋਤਮਨਿੰਦਰ ਸਿੰਘ
4. ਸ਼੍ਰੀ ਅਰਮਿੰਦਰ ਸਿੰਘ
5. ਸ਼੍ਰੀ ਇੰਦਰਦੀਪ ਸਿੰਘ

## ਪ੍ਰਾਸਪੈਕਟਸ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਸ਼੍ਰੀਮਤੀ ਪਰਮਜੀਤ ਕੌਰ (ਅੰਗਰੇਜ਼ੀ)
3. ਡਾ. ਅੰਸ਼ੂਮਤੀ
4. ਡਾ. ਦੀਪਾ ਗੋਇਲ
5. ਡਾ. ਪ੍ਰਭਸ਼ਰਨਜੋਤ ਕੌਰ
6. ਸ਼੍ਰੀ ਗੁਰਲਾਲ ਸਿੰਘ

## ਆਈ.ਕਯੂ.ਏ.ਸੀ.

1. ਪ੍ਰਿੰਸੀਪਲ (ਚੇਅਰਪਰਸਨ)
2. ਡਾ. ਪੂਜਾ ਭੱਲਾ (ਸੀਨੀਅਰ ਪ੍ਰਬੰਧਕੀ ਅਫ਼ਸਰ)
3. ਡਾ. ਨਿਰਵਰਿੰਦਰ ਕੌਰ ਸੰਧੂ (ਰੂਸਾ ਕੋਆਰਡੀਨੇਟਰ)
4. ਡਾ. ਸ਼ਾਲਿਨੀ ਗੋਇਲ (ਸੀਨੀਅਰ ਪ੍ਰਬੰਧਕੀ ਅਫ਼ਸਰ)
5. ਸ਼੍ਰੀਮਤੀ ਪਰਮਜੀਤ ਕੌਰ (ਕੋਆਰਡੀਨੇਟਰ ਆਈ.ਕਿਊ.ਏ.ਸੀ.)
6. ਡਾ. ਅੰਸ਼ੂਮਤੀ (ਮੈਂਬਰ ਆਈ.ਕਿਊ.ਏ.ਸੀ.)
7. ਸ਼੍ਰੀਮਤੀ ਪਵਨਪ੍ਰੀਤ ਕੌਰ (ਮੈਂਬਰ ਆਈ.ਕਿਊ.ਏ.ਸੀ.)
8. ਡਾ. ਗਗਨਦੀਪ ਕੌਰ (ਮੈਂਬਰ ਆਈ.ਕਿਊ.ਏ.ਸੀ.)
9. ਡਾ. ਸ਼ਿਵ ਸ਼ਕਤੀ ਸਿੰਘ (ਮੈਂਬਰ ਆਈ.ਕਿਊ.ਏ.ਸੀ.)
10. ਡਾ. ਰਮਨਦੀਪ ਕੌਰ (ਅੰਗਰੇਜ਼ੀ ਵਿਭਾਗ)
11. ਸ਼੍ਰੀਮਤੀ ਰਮਨਦੀਪ ਕੌਰ (ਸਰੀਰਕ ਸਿੱਖਿਆ, ਮੈਂਬਰ ਆਈ.ਕਿਊ.ਏ.ਸੀ.)
12. ਸ਼੍ਰੀ ਇਕਬਾਲ ਸਿੰਘ (ਨਾਨ-ਟੀਚਿੰਗ ਸਟਾਫ਼ ਪ੍ਰਤੀਨਿਧੀ)
13. ਡਾਟਾ ਐਂਟਰੀ ਓਪਰੇਟਰ
14. ਸ਼੍ਰੀ ਨਵੀਨ ਜੈਨ (ਅਲੂਮਨੀ)
15. ਲੋਕਲ ਸੁਸਾਇਟੀ ਦਾ ਨੁਮਾਇੰਦਾ
16. ਸ਼੍ਰੀ ਸਮਾਇਲ ਮਿੱਤਲ (ਡਾਇਰੈਕਟਰ ਟੈਕ ਨੈਤਰਾ, ਮੋਹਾਲੀ)

17 ਤੋਂ 26 ਵਿਦਿਆਰਥੀਆਂ ਦੇ ਪ੍ਰਤੀਨਿਧੀ (ਸਾਰੀਆਂ ਕਲਾਸਾਂ)

## ਦਿਵਿਆਂਗ ਵਿਦਿਆਰਥੀਆਂ ਦੇ ਅਧਿਕਾਰਾਂ ਸਬੰਧੀ ਕਮੇਟੀ

1. ਡਾ. ਰਜੇਸ਼ ਮੋਹਨ (ਕਨਵੀਨਰ)
2. ਸ਼੍ਰੀ ਸ਼ਮਸ਼ੇਰ ਸਿੰਘ
3. ਡਾ. ਨਛੱਤਰ ਸਿੰਘ
4. ਸ਼੍ਰੀ ਹਰਪ੍ਰੀਤ ਸਿੰਘ (ਪੰਜਾਬੀ)

## ਖੇਤੀਬਾੜੀ ਫਾਰਮ ਕਮੇਟੀ

1. ਸ਼੍ਰੀ ਸ਼ਮਸ਼ੇਰ ਸਿੰਘ (ਕਨਵੀਨਰ)
2. ਸ਼੍ਰੀਮਤੀ ਰਾਜਬੀਰ ਕੌਰ
3. ਸ਼੍ਰੀਮਤੀ ਦੀਪਿੰਦਰਜੀਤ ਸੁਖੀਜਾ
4. ਸ਼੍ਰੀ ਜੋਤਮਨਿੰਦਰ ਸਿੰਘ
5. ਸ਼੍ਰੀ ਰੁਪਿੰਦਰ ਸਿੰਘ (ਸਹਾਇਕ)

## ਫਿਨੀਸ਼ਿੰਗ ਸਕੂਲ ਕਮੇਟੀ

1. ਡਾ. ਨਿਰਵਰਿੰਦਰ ਕੌਰ ਸੰਧੂ (ਕਨਵੀਨਰ)
2. ਡਾ. ਗਗਨਦੀਪ ਕੌਰ
3. ਸ਼੍ਰੀਮਤੀ ਵਰਿੰਦਰ ਮੱਕੜ
4. ਸ਼੍ਰੀ ਨਵਦੀਪ ਸਿੰਘ
5. ਸ਼੍ਰੀਮਤੀ ਮਨਿੰਦਰ ਕੌਰ ਵਿਰਕ
6. ਸ਼੍ਰੀ ਅਰਮਿੰਦਰ ਸਿੰਘ
7. ਸ਼੍ਰੀ ਇੰਦਰਦੀਪ ਸਿੰਘ

## ਲੀਗਲ ਲਿਟਰੇਸੀ ਕਲੱਬ

1. ਸ਼੍ਰੀਮਤੀ ਮਹਿੰਦਰਜੀਤ ਕੌਰ (ਕਨਵੀਨਰ)
2. ਡਾ. ਅਮਰਜੀਤ ਕੌਰ 3. ਸ਼੍ਰੀਮਤੀ ਕੌਸ਼ਲ ਰਾਣੀ
4. ਸ਼੍ਰੀ ਹਰਪ੍ਰੀਤ ਸਿੰਘ
5. ਸ਼੍ਰੀਮਤੀ ਸੁਮਨ ਦੇਵੀ (ਲੀਗਲ ਕਲਰਕ)

## ਸੋਲਰ ਪਲਾਂਟ ਅਤੇ ਕੈਮਰਿਆਂ ਦੀ ਰੱਖਰਖਾਵ ਕਮੇਟੀ

1. ਡਾ. ਅਮਿਤਾ ਰਾਣੀ (ਕਨਵੀਨਰ)
2. ਸ਼੍ਰੀ ਹਰਜੀਤ ਸਿੰਘ 3. ਸ਼੍ਰੀਮਤੀ ਵਰਿੰਦਰ ਮੱਕੜ
4. ਸ਼੍ਰੀ ਕੰਵਰਜੀਤ ਸਿੰਘ (ਸਹਾਇਕ)

## ਸਟਾਫ਼ ਰੂਮ ਅਤੇ ਗਰਲਜ਼ ਕਾਮਨ ਰੂਮ ਦੀ ਦੇਖਭਾਲ ਕਮੇਟੀ

1. ਡਾ. ਪ੍ਰਭਸ਼ਰਨਜੋਤ ਕੌਰ (ਕਨਵੀਨਰ)
2. ਡਾ. ਕੁਲਵਿੰਦਰ ਕੌਰ 3. ਸ਼੍ਰੀਮਤੀ ਜੈਸਮੀਨ ਵਾਲੀਆ
4. ਡਾ. ਅਮਰਜੀਤ ਕੌਰ 5. ਸ਼੍ਰੀਮਤੀ ਦੇਵਿਕਾ ਸ਼ਰਮਾ

## ਕੁਦਰਤੀ ਆਫਤਾਂ ਪ੍ਰਬੰਧਾਂ ਸਬੰਧੀ ਕਮੇਟੀ

1. ਸ਼੍ਰੀਮਤੀ ਰਾਜਵੀਰ ਕੌਰ (ਕਨਵੀਨਰ)
2. ਸ਼੍ਰੀ ਜੋਤਮਨਿੰਦਰ ਸਿੰਘ 3. ਸ਼੍ਰੀ ਨਵਦੀਪ ਸਿੰਘ
4. ਡਾ. ਸ਼ਿਵ ਸ਼ਕਤੀ ਸਿੰਘ

## ਪੰਜਾਬੀ ਭਾਸ਼ਾ ਮੰਚ

ਡਾ. ਨਛੱਤਰ ਸਿੰਘ (ਕਨਵੀਨਰ)

## ਐਨਰਜ਼ੀ ਕਲੱਬ

1. ਡਾ. ਅਮਿਤਾ ਰਾਣੀ (ਕਨਵੀਨਰ)
2. ਸ਼੍ਰੀ ਹਰਜੀਤ ਸਿੰਘ 3. ਡਾ. ਅਮਿਤ ਜੋਸ਼ੀ
4. ਸ਼੍ਰੀ ਗਗਨਦੀਪ ਸਿੰਘ

## ਸ਼ਿਕਰਾ ਈਕੋ ਕਲੱਬ

1. ਡਾ. ਦੀਪਾ ਗੋਇਲ (ਕਨਵੀਨਰ)
2. ਡਾ. ਮੀਨੂੰ ਗੁਪਤਾ
3. ਮਿਸ ਨਵਪ੍ਰੀਤ ਅਰੋੜਾ

## ਥੀਏਟਰ ਕਲੱਬ

1. ਡਾ. ਰਾਜੇਸ਼ ਮੋਹਨ (ਕਨਵੀਨਰ)
2. ਸ਼੍ਰੀ ਅਰਮਿੰਦਰ ਸਿੰਘ 3. ਸ਼੍ਰੀ ਹਰਪ੍ਰੀਤ ਸਿੰਘ (ਪੰਜਾਬੀ)

## ਮਿਊਜ਼ਿਕ ਕਲੱਬ

1. ਡਾ. ਰਾਜੇਸ਼ ਮੋਹਨ (ਕਨਵੀਨਰ)
2. ਡਾ. ਅੰਸ਼ੂਮਤੀ 3. ਡਾ. ਅਮਨਪ੍ਰੀਤ ਕੌਰ

## ਐਨ.ਸੀ.ਸੀ.

ਡਾ. ਸ਼ਿਵ ਸ਼ਕਤੀ ਸਿੰਘ (CTO)

## ਇਲੈਕਟੋਰਲ ਲਿਟਰੇਸੀ ਕਲੱਬ

1. ਸ਼੍ਰੀ ਅਰਮਿੰਦਰ ਸਿੰਘ 2. ਡਾ. ਅਮਿਤ ਜੋਸ਼ੀ
3. ਸ਼੍ਰੀ ਇੰਦਰਦੀਪ ਸਿੰਘ 4. ਸ਼੍ਰੀ ਗੁਰਲਾਲ ਸਿੰਘ

# ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ

1. ਹਰ ਰਿਜ਼ਰਵ ਸ਼੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀ ਲਈ ਦਾਖਲਾ ਫਾਰਮ ਤੇ ਕੈਟੇਗਰੀ ਲਿਖਣੀ ਜ਼ਰੂਰੀ ਹੈ। ਜੇਕਰ ਵਿਦਿਆਰਥੀ ਫਾਰਮ ਵਿੱਚ ਕੈਟੇਗਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟੇਗਰੀ ਵਿਚ ਹੀ ਸਮਝਿਆ ਜਾਵੇਗਾ ਅਤੇ ਰਿਜ਼ਰਵ ਕੈਟੇਗਰੀ ਦਾ ਕੋਈ ਹੱਕ ਨਹੀਂ ਮਿਲੇਗਾ। ਜੇ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟੇਗਰੀ ਭਰਦਾ ਹੈ ਤਾਂ ਉਸ ਦੁਆਰਾ ਭਰੀ ਪਹਿਲੀ ਕੈਟੇਗਰੀ ਨੂੰ ਹੀ ਜਾਇਜ਼ ਮੰਨਿਆ ਜਾਵੇਗਾ।
2. ਸਰਕਾਰ ਦੇ ਪੱਤਰ ਨੰ: 1/41/96-ਰਸ. 1/992-1005 ਮਿਤੀ 18-08-2004 ਅਨੁਸਾਰ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਸਰਟੀਫਿਕੇਟ ਜਾਰੀ ਕਰਨ ਲਈ ਨਿਰਧਾਰਿਤ ਪ੍ਰਫਾਰਮਿਆਂ ਵਿੱਚ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫਿਕੇਟਾਂ ਨੂੰ ਹੀ ਯੋਗ ਮੰਨਿਆ ਜਾਵੇਗਾ।
3. ਰਿਜ਼ਰਵ ਕੈਟੇਗਰੀ ਨਾਲ ਸਬੰਧਤ ਵਿਦਿਆਰਥੀਆਂ ਕੋਲ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਇਨ੍ਹਾਂ ਸਰਟੀਫਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖਲਾ ਫਾਰਮ ਨਾਲ ਲਾਉਣੀਆਂ ਜ਼ਰੂਰੀ ਹਨ। ਅਸਲ ਸਰਟੀਫਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ। ਅਸਲ ਸਰਟੀਫਿਕੇਟ ਦੀ ਅਣਹੋਂਦ ਤੇ ਦਾਖਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ।
4. ਹਰ ਰਿਜ਼ਰਵ ਕੈਟੇਗਰੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਕੈਟੇਗਰੀ ਦੀ ਆਪਣੀ ਬਣਦੀ ਮੈਰਿਟ ਅਨੁਸਾਰ ਹੋਵੇਗਾ।
5. ਸਰਕਾਰੀ ਹਦਾਇਤਾਂ ਨੰ. 3/8/95-ਰਸ. 3/4853-54 ਮਿਤੀ 10/12-07-95 ਅਤੇ ਪੱਤਰ ਨੰ. 2//27/2004-ਰਸ. 1/1763-71 ਮਿਤੀ 30-12-2004 ਅਨੁਸਾਰ ਆਪਣੀ ਸੀਨੀਆਰਤਾ ਕਮ ਮੈਰਿਟ ਤੇ ਆਏ ਐਸ.ਸੀ. ਅਤੇ ਬੀ.ਸੀ. ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜਰਵੇਸ਼ਨ ਵਿਚ ਨਹੀਂ ਗਿਣਿਆ ਜਾਣਾ।
6. ਸਰਕਾਰ ਦੇ ਪੱਤਰ ਨੰ: 10/9/2009-ਰਸ/62 ਮਿਤੀ 8-01-2010 ਅਨੁਸਾਰ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫਿਕੇਟ ਉਸ ਸਮੇਂ ਤੱਕ ਯੋਗ ਮੰਨਿਆ ਜਾਵੇਗਾ ਜਦੋਂ ਤਕ ਪ੍ਰਾਰਥੀ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ। ਇਸ ਸਬੰਧੀ ਪ੍ਰਾਰਥੀ ਤੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇਗਾ ਜਿਸ ਵਿਚ ਲਿਖਿਆ ਹੋਵੇਗਾ ਕਿ ਉਸਦੇ ਸਟੇਟਸ ਵਿਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕ੍ਰੀਮੀ ਲੇਅਰ ਦੇ ਦਾਇਰੇ ਵਿਚ ਨਹੀਂ ਆਉਂਦਾ।
7. ਰਿਜ਼ਰਵ ਕੈਟੇਗਰੀ ਵਾਲੇ ਵਿਦਿਆਰਥੀ ਜਨਰਲ ਕੈਟੇਗਰੀ ਦੀ ਇੰਟਰਵਿਊ ਦੀ ਮਿਤੀ ਨੂੰ ਹਾਜ਼ਰ ਹੋਣਗੇ। ਜਿੰਨ੍ਹਾਂ ਵਿਦਿਆਰਥੀਆਂ ਦਾ ਜਨਰਲ ਕੈਟੇਗਰੀ ਦੀ ਮੈਰਿਟ ਵਿੱਚ ਦਾਖਲਾ ਨਹੀਂ ਹੁੰਦਾ, ਉਹ ਰਿਜ਼ਰਵ ਕੈਟੇਗਰੀ ਇੰਟਰਵਿਊ ਵਿੱਚ ਦੁਬਾਰਾ ਇੰਟਰਵਿਊ ਲਈ ਹਾਜ਼ਰ ਹੋਣਗੇ।
8. ਜੇਕਰ ਨਿਰਧਾਰਿਤ ਦਾਖਲੇ ਦੀ ਤਰੀਕ ਤੱਕ ਰਿਜ਼ਰਵ ਕੈਟੇਗਰੀ ਦੇ ਯੋਗ ਅਤੇ ਹੱਕਦਾਰ ਉਮੀਦਵਾਰ ਨਹੀਂ ਆਉਂਦੇ, ਤਾਂ ਸੀਟ ਡੀ- ਰਿਜ਼ਰਵ ਕਰ ਦਿੱਤੀ ਜਾਵੇਗੀ।
9. ਸਪੋਰਟਸ ਕੋਟੇ ਵਿੱਚ ਕੇਵਲ ਉਨ੍ਹਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿੰਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੋ-ਘੱਟ ਜ਼ਿਲ੍ਹੇ/ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ। ਉਨ੍ਹਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਅਧਾਰ ਤੇ ਬਣਾਈ ਜਾਵੇਗੀ।
10. ਐਮ.ਏ. (ਪੰਜਾਬੀ, ਅਰਥ ਸ਼ਾਸਤਰ, ਮਿਊਜ਼ਕ (ਵੋਕਲ) ਅਤੇ ਅੰਗਰੇਜ਼ੀ) ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀ ਅਤੇ ਅਪੰਗ (ਘੱਟੋ-ਘੱਟ 40 ਪ੍ਰਤੀਸ਼ਤ) ਵਿਦਿਆਰਥੀਆਂ ਨੂੰ ਨਿਸ਼ਚਿਤ ਹੋਈ ਘੱਟੋ-ਘੱਟ ਪ੍ਰਾਪਤ ਕੀਤੇ ਨੰਬਰ ਦੀ ਗਿਣਤੀ ਵਿੱਚ 5 ਪ੍ਰਤੀਸ਼ਤ ਛੋਟ ਦੇਣ ਦੀ ਵਿਵਸਥਾ ਹੈ।
11. ਜੇਕਰ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟੇਗਰੀ ਵਿੱਚ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਹਰ ਕੈਟੇਗਰੀ ਲਈ ਵੱਖਰਾ ਫਾਰਮ ਭਰਨਾ ਹੋਵੇਗਾ। ਇੱਕ ਦਾਖਲਾ ਫਾਰਮ ਵਿੱਚ ਇੱਕ ਤੋਂ ਵੱਧ ਕੈਟੇਗਰੀ ਨਾ ਭਰੀ ਜਾਵੇ।
12. ਰਿਜ਼ਰਵ ਕੈਟੇਗਰੀ ਨਾਲ ਸਬੰਧਤ ਵਿਦਿਆਰਥੀ ਆਪਣੇ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨਗੇ ਅਤੇ ਅਸਲ ਕਾਰਡ ਇੰਟਰਵਿਊ ਸਮੇਂ ਨਾਲ ਲੈ ਕੇ ਆਉਣਗੇ।

## ਦਾਖਲੇ ਸਮੇਂ ਹੇਠ ਲਿਖੇ ਦਸਤਾਵੇਜ਼ ਦਾਖਲਾ ਫਾਰਮ ਨਾਲ ਨੱਥੀ ਕਰਨੇ ਜ਼ਰੂਰੀ ਹਨ। ਇਨ੍ਹਾਂ ਤੋਂ ਬਿਨਾਂ ਫਾਰਮ ਪ੍ਰਵਾਨ ਨਹੀਂ ਕੀਤਾ ਜਾਵੇਗਾ।

1. ਪਿਛਲੀ ਪਾਸ ਕੀਤੀ ਪ੍ਰੀਖਿਆ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
2. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
3. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਚੰਗੇ ਆਚਰਣ ਸਬੰਧੀ ਪ੍ਰਮਾਣ-ਪੱਤਰ ਦੀ ਅਸਲ ਅਤੇ ਤਸਦੀਕਸ਼ੁਦਾ ਨਕਲ। ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਿਡ ਅਫ਼ਸਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਵੀ ਦੇ ਸਕਦੇ ਹਨ।
4. ਰਿਹਾਇਸ਼ੀ ਪਤੇ ਦੇ ਸਬੂਤ ਲਈ ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ: ਰਾਸ਼ਨ ਕਾਰਡ, ਟੈਲੀਫੋਨ ਬਿੱਲ, ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ, ਪਾਸਪੋਰਟ।

5. ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਆਪਣੇ ਕੈਟਾਗਰੀ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਦਾ ਪ੍ਰਮਾਣ-ਪੱਤਰ ਦੇਣਾ ਪਵੇਗਾ।
7. ਜਿਹਨਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੈ, ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certificate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਜਿੰਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ, ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਐਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਸੀ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖਲੇ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਜਿਸਟ੍ਰੇਸ਼ਨ ਬਰਾਂਚ ਤੋਂ ਪਾਤਰਤਾ/Eligibility ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
8. ਹਰ ਤਰ੍ਹਾਂ ਦਾ ਵਜ਼ੀਫ਼ਾ ਪ੍ਰਾਪਤ ਕਰਨ ਵਾਲੇ ਯੋਗ ਵਿਦਿਆਰਥੀ ਅਤੇ ਰਾਖਵੀਂ ਸ਼੍ਰੇਣੀ ਦੇ ਵਿਦਿਆਰਥੀ ਆਪਣੇ ਅਧਾਰ ਕਾਰਡ ਦੀ ਕਾਪੀ ਜ਼ਰੂਰ ਨੱਥੀ ਕਰਨ।

ਨੋਟ: ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਆਪਣੇ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖਲਾ ਲੈਂਦਾ ਹੈ ਤਾਂ ਉਸ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਉਸਦੇ ਵਿਰੁੱਧ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

## ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸਬੰਧੀ ਯੋਗਤਾ ਅਤੇ ਵਿਸ਼ਿਆਂ ਦੀ ਚੋਣ

### ਸੈਸ਼ਨ 2024-25 ਤੋਂ ਬੀ.ਏ./ਬੀ.ਕਾਮ./ਬੀ.ਐਸਸੀ. (ਐਗਰੀਕਲਚਰ, ਮੈਡੀ., ਨਾਨ ਮੈਡੀ., ਡਾਟਾ ਐਨਾਲੈਟਿਕਸ/ਬੀਬੀਏ ਭਾਗ ਪਹਿਲਾ ਦੇ ਦਾਖਲੇ NEP 2020 ਤਹਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਹੋਣਗੇ।

### ਬੀ.ਏ. ਭਾਗ ਪਹਿਲਾ

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ।
ਇਹ ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ।

## ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ

1. ਦਾਖਲੇ ਸਮੇਂ ਜੋ ਵਿਸ਼ੇ ਵਿਦਿਆਰਥੀ ਨੂੰ ਦਿੱਤੇ ਜਾਣਗੇ ਉਹੀ ਵਿਸ਼ੇ ਵਿਦਿਆਰਥੀ ਨੂੰ ਪੜ੍ਹਨੇ ਪੈਣਗੇ।
2. ਬੀ.ਏ. ਭਾਗ ਪਹਿਲਾ ਸਰੀਰਕ ਸਿੱਖਿਆ ਲਈ 160 ਸੀਟਾਂ ਹਨ। ਇਹ ਵਿਸ਼ਾ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ ਜਿਹੜੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਟੈਸਟ ਦੇ ਆਧਾਰ ਤੇ ਬਣੀ ਮੈਰਿਟ ਰਾਹੀਂ ਚੁਣੇ ਜਾਣਗੇ। ਸਰੀਰਕ ਸਿੱਖਿਆ ਵਿਸ਼ੇ ਪੜ੍ਹਨ ਵਾਲੇ ਵਿਦਿਆਰਥੀ ਲਈ ਖੇਡਾਂ ਵਿੱਚ ਅਤੇ ਸਲਾਨਾ ਖੇਡ ਸਮਾਰੋਹ ਵਿੱਚ ਭਾਗ ਲੈਣਾ ਲਾਜ਼ਮੀ ਹੋਵੇਗਾ।
3. ਇਸ ਸਮੇਂ ਕਾਲਜ ਵਿੱਚ ਹਾਕੀ, ਫੁੱਟਬਾਲ, ਵਾਲੀਬਾਲ, ਕ੍ਰਿਕਟ, ਕਬੱਡੀ, ਬਾਸਕਟਬਾਲ, ਬੈਡਮਿੰਟਨ, ਟੇਬਲ ਟੈਨਿਸ, ਕੁਸ਼ਤੀ, ਸ਼ਤਰੰਜ, ਵਾਟਰ ਪੋਲੋ, ਸਾਫਟ ਬਾਲ, ਤਾਈਕਵਾਂਡੋ ਆਦਿ ਖੇਡਾਂ ਖਿਡਾਈਆਂ ਜਾਂਦੀਆਂ ਹਨ।
4. ਬੀ.ਏ ਭਾਗ ਪਹਿਲਾਂ ਵਿੱਚ ਗਣਿਤ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ ਜਿਸਨੇ 10+2 ਕਲਾਸ ਵਿੱਚ ਗਣਿਤ ਦਾ ਵਿਸ਼ਾ ਪਾਸ ਕੀਤਾ ਹੋਵੇ।
5. ਗਣਿਤ ਵਿਸ਼ਾ ਲੈਣ ਵਾਲੇ ਵਿਦਿਆਰਥੀ ਨੂੰ ਰਾਜਨੀਤੀ ਸ਼ਾਸਤਰ ਦਾ ਵਿਸ਼ਾ ਲੈਣ ਦੀ ਆਗਿਆ ਨਹੀਂ ਹੈ।
6. ਵਿਦਿਆਰਥੀ ਵੱਧ ਤੋਂ ਵੱਧ 2 ਪ੍ਰੈਕਟੀਕਲ ਵਿਸ਼ੇ ਹੀ ਲੈ ਸਕਦੇ ਹਨ।
7. ਡੀ.ਪੀ.ਆਈ (ਕਾਲਜਾਂ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 15/11-2005 ਕਾ ਐਜੂ (1)/1998-2045 ਮਿਤੀ 07-07-2005 ਦੇ ਆਦੇਸ਼ ਅਨੁਸਾਰ ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਹਰ ਵਿਸ਼ੇ ਦੀ ਮੁੱਢਲੀ ਕਲਾਸ ਵਿੱਚ ਘੱਟੋ-ਘੱਟ 20 ਵਿਦਿਆਰਥੀ ਦਾਖਲ ਹੋਣੇ ਚਾਹੀਦੇ ਹਨ ਅਤੇ ਵਿਸ਼ਾ ਬਦਲੀ ਉਪਰੰਤ ਵੀ ਘੱਟੋ-ਘੱਟ 10 ਵਿਦਿਆਰਥੀ ਉਸ ਕਲਾਸ ਵਿੱਚ ਜ਼ਰੂਰ ਰਹਿਣ, ਤਾਂ ਹੀ ਇਸ ਵਿਸ਼ੇ ਨੂੰ ਪੜ੍ਹਾਉਣ ਦੀ ਆਗਿਆ ਦਿੱਤੀ ਜਾਵੇਗੀ।
8. ਕਿਸੇ ਵਿਦਿਆਰਥੀ ਨੂੰ ਉਹ ਵਿਸ਼ਾ ਪੜ੍ਹਨ ਦੀ ਆਗਿਆ ਨਹੀਂ ਹੈ, ਜੋ ਇਸ ਕਾਲਜ ਵਿੱਚ ਪੜ੍ਹਾਇਆ ਹੀ ਨਹੀਂ ਜਾਂਦਾ।
9. ਜੇਕਰ ਯੂਨੀਵਰਸਿਟੀ ਦੇ ਆਦੇਸ਼ਾਂ ਅਨੁਸਾਰ ਵਿਸ਼ਿਆਂ ਵਿੱਚ ਕੋਈ ਪਰਿਵਰਤਨ ਹੁੰਦਾ ਹੈ ਤਾਂ ਇਸ ਦੀ ਸੂਚਨਾ ਵਿਦਿਆਰਥੀ ਨੂੰ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ।
10. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਦੇਸ਼ ਅਨੁਸਾਰ ਉਨ੍ਹਾਂ ਵਿਸ਼ਿਆਂ ਨੂੰ ਛੱਡ ਕੇ ਜਿੱਥੇ ਪਹਿਲਾਂ ਹੀ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਹੈ, ਉੱਥੇ ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ 80 ਹੋ ਸਕਦੀ ਹੈ। ਫੈਕਲਟੀ ਮੈਂਬਰਾਂ ਹੀ ਹੋਂਦ ਨੂੰ ਧਿਆਨ

ਵਿੱਚ ਰੱਖਦੇ ਹੋਏ ਹਰ ਵਿਸ਼ੇ ਵਿੱਚ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ। ਇਸ ਲਈ ਇਹ ਜ਼ਰੂਰੀ ਨਹੀਂ ਕਿ ਜਿਹੜਾ ਵਿਸ਼ਾ ਵਿਦਿਆਰਥੀ ਨੇ ਫਾਰਮ ਵਿੱਚ ਭਰਿਆ ਹੈ, ਉਹ ਉਸਨੂੰ ਦਿੱਤਾ ਜਾਵੇਗਾ। ਇਹ ਵਿਸ਼ੇ ਮੈਰਿਟ ਦੇ ਆਧਾਰ 'ਤੇ ਹੀ ਦਿੱਤੇ ਜਾਣਗੇ। ਵਿਦਿਆਰਥੀ ਪਹਿਲਾਂ ਹੀ ਵਿਸ਼ਿਆਂ ਦੀ ਚੋਣ ਸੋਚ ਸਮਝ ਕੇ ਤਰਜੀਹ ਅਨੁਸਾਰ ਭਰਨ।

11. ਵਿਦਿਆਰਥੀ ਲਈ ਦਾਖਲੇ ਸਮੇਂ ਅਸਲ ਸਰਟੀਫਿਕੇਟ ਲੈ ਕੇ ਆਉਣੇ ਜ਼ਰੂਰੀ ਹਨ। ਅਸਲ ਦਸਤਾਵੇਜਾਂ ਤੋਂ ਬਿਨਾਂ ਦਾਖਲਾ ਨਹੀਂ ਕੀਤਾ ਜਾਵੇਗਾ।

## ਬੀ.ਐਸ.ਸੀ. ਭਾਗ ਪਹਿਲਾ (ਮੈਡੀਕਲ/ਨਾਨ ਮੈਡੀਕਲ) ਸਮੈਸਟਰ-1

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਸਾਇੰਸ ਦੇ ਵਿਸ਼ਿਆਂ ਦੇ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

## ਬੀ.ਐਸ.ਸੀ. ਭਾਗ ਪਹਿਲਾ (ਐਗਰੀਕਲਚਰ) (4 ਸਾਲਾ ਕੋਰਸ)

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਸਾਇੰਸ ਦੇ ਵਿਸ਼ਿਆਂ ਦੇ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

## ਬੀ.ਕਾਮ. ਭਾਗ ਪਹਿਲਾ (ਸਮੈਸਟਰ-1)

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਹੇਠ ਲਿਖੇ ਅਨੁਸਾਰ ਘੱਟੋ-ਘੱਟ ਅੰਕ ਪ੍ਰਾਪਤ ਕਰਕੇ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

| | | |
|---|---|---|
| 10+2 ਕਾਮਰਸ ਗਰੁੱਪ | - | 40% |
| 10+2 ਮੈਥ, ਇਕਨਾਮਿਕਸ, ਮੈਨੇਜਮੈਂਟ ਅਕਾਊਂਟਿੰਗ ਆਦਿ ਵਿੱਚੋਂ ਕੋਈ ਦੋ ਵਿਸ਼ਿਆਂ ਨਾਲ | - | 45% |
| 10+2 ਆਰਟਸ ਅਤੇ ਸਾਇੰਸ ਵਿਸ਼ੇ ਨਾਲ | - | 50% |

## ਬੀ.ਸੀ.ਏ. ਭਾਗ ਪਹਿਲਾ (ਸਮੈਸਟਰ-1)

ਬੀ.ਸੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾ ਨੇ ਪ੍ਰਮਾਣਿਤ ਪੰਜਾਬ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇਗਾ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

## ਬੀ.ਐਸ.ਸੀ. (ਆਨਰਜ਼) ਡਾਟਾ ਐਨਾਲਾਈਸਿਸ (4 ਸਾਲਾ ਕੋਰਸ)

4 years degree programme under Self Finance Mode
Faculty of Engineering & Technology

ਯੋਗਤਾ : ਇਸ ਪ੍ਰੋਗਰਾਮ ਵਿੱਚ ਦਾਖਲੇ ਲਈ ਉਮੀਦਵਾਰ ਦੁਆਰਾ ਗਣਿਤ ਵਿਸ਼ੇ ਨਾਲ ਕੁੱਲ ਮਿਲਾ ਕੇ ਘੱਟੋ-ਘੱਟ 50% ਅੰਕਾਂ (SC/ST ਲਈ 45%) ਨਾਲ ਬਾਰ੍ਹਵੀਂ ਜਮਾਤ ਪਾਸ ਕੀਤੀ ਹੋਣੀ ਚਾਹੀਦੀ ਹੈ ਜਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਇਸ ਦੇ ਬਰਾਬਰ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਪਾਸ ਕੀਤੀ ਹੋਣੀ ਚਾਹੀਦੀ ਹੈ।

## ਬੀਬੀਏ (ਆਨਰਜ਼) ਹਸਪਤਾਲ ਮੈਨੇਜਮੈਂਟ (4 ਸਾਲਾ ਕੋਰਸ)

ਯੋਗਤਾ : ਇਸ ਕੋਰਸ ਵਿੱਚ ਦਾਖਲਾ ਲੈਣ ਲਈ ਵਿਦਿਆਰਥੀ ਦਾ ਬਾਰ੍ਹਵੀਂ ਜਮਾਤ ਕਿਸੇ ਵੀ ਖੇਤਰ/ਵਿਸ਼ੇ ਵਿੱਚੋਂ 50% ਨੰਬਰਾਂ ਨਾਲ ਪਾਸ ਕੀਤੀ ਹੋਣੀ ਲਾਜ਼ਮੀ ਹੈ।(SC/SCT ਵਿਦਿਆਰਥੀਆਂ ਲਈ 45%)

## ਬੀ.ਏ. ਡਿਜ਼ੀਟਲ ਮੀਡੀਆ ਅਤੇ ਡਿਜ਼ਾਇਨ (4 ਸਾਲਾ ਕੋਰਸ)

4 years degree programme under Self Finance Mode
Faculty of Visual Arts & Performing Arts

ਯੋਗਤਾ : ਇਸ ਪ੍ਰੋਗਰਾਮ ਵਿੱਚ ਦਾਖਲੇ ਲਈ ਉਮੀਦਵਾਰ ਦਾ ਕਿਸੇ ਵੀ ਸਟਰੀਮ ਵਿੱਚ ਘੱਟੋ-ਘੱਟ 50% ਅੰਕਾਂ (SC/ST ਲਈ 45%) ਨਾਲ ਬਾਰ੍ਹਵੀਂ ਜਮਾਤ ਪਾਸ ਹੋਣਾ ਲਾਜ਼ਮੀ ਹੈ।

## ਐਮ.ਏ. ਭਾਗ ਪਹਿਲਾ (ਅਰਥ-ਸ਼ਾਸਤਰ/ਪੰਜਾਬੀ/ਸੰਗੀਤ/ਅੰਗ੍ਰੇਜ਼ੀ/ਐਮ.ਐਸ.ਸੀ. ਕਮਿਸਟਰੀ ਸਮੈਸਟਰ-1)

ਐਮ. ਏ. ਭਾਗ ਪਹਿਲਾ (ਅਰਥ-ਸ਼ਾਸਤਰ/ਪੰਜਾਬੀ/ਸੰਗੀਤ/ਅੰਗ੍ਰੇਜ਼ੀ/ਐਮ.ਐਸ.ਸੀ. ਕਮਿਸਟਰੀ ਸਮੈਸਟਰ-1) ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

ਨੋਟ : ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਦਾਖਲੇ ਸਮੇਂ ਚੈੱਕ ਕੀਤੇ ਜਾਂਦੇ ਹਨ ਜੇਕਰ ਕੋਈ ਵਿਦਿਆਰਥੀ ਦਾਖਲੇ ਸਮੇਂ ਅਸਲ ਦਸਤਾਵੇਜ਼ ਪੇਸ਼ ਨਹੀਂ ਕਰਦਾ ਤਾਂ ਉਸਦੀ ਥਾਂ ਮੈਰਿਟ ਵਿਚਲਾ ਅਗਲਾ ਵਿਦਿਆਰਥੀ ਦਾਖਲਾ ਲੈਣ ਦਾ ਹੱਕਦਾਰ ਹੋਵੇਗਾ।

## ਐਮ.ਐਸ.ਸੀ. (ਕੈਮਿਸਟਰੀ) ਦੇ ਦਾਖਲੇ ਲਈ ਮੈਰਿਟ ਬਣਾਉਣ ਦੀ ਵਿਧੀ

| | | Marks Obtained | Maximum Marks |
|---|---|---|---|
| (a) | Total Marks in the qualifying examination (B. Sc. +I+II+III (Elective Subject only) | | |
| (b) | Marks of the qualifying examination in the subject in which admission is sought or collateral / allied subject. | | |
| (c) | Total (a+b) | | |
| (d) | Percentage Marks at (c) above | | 100 |
| (e) | Weightage admissible to NCC, NSS, Youth Activities is 1%, 2% or 3% for A, B, and C certificates for Boys and G1, G2 or G3 certificates for Girls respectively, limited to a maximum marks of 6% to this category on marks obtained at (d) above. | | |
| (f) | Grand Total for ascertaining merit for admission (d+e) | | |

**Note : For admission to M.Sc. Course there will be no weightage of B.Sc. (Hons.)**

## ਜ਼ਰੂਰੀ ਨੋਟ

1. ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨ ਸਬੰਧੀ।
ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੰਡੀਕੇਟ ਦੇ ਫੈਸਲੇ ਅਨੁਸਾਰ ਵਿਗਿਆਨ, ਕਾਮਰਸ, ਡਾਕਟਰੀ, ਇੰਜੀਨੀਅਰਿੰਜਗ ਅਤੇ ਹੋਰ ਤਕਨੀਕੀ ਵਿਸ਼ਿਆਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਜਿੰਨ੍ਹਾਂ ਨੇ ਪਹਿਲਾਂ ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਨਹੀਂ ਕੀਤੀ, ਉਹਨਾਂ ਲਈ ਆਪਣੇ ਕੋਰਸ ਦੌਰਾਨ, ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।
2. ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਵਿਸ਼ੇ ਬਾਰੇ।

(ਹਵਾਲਾ: ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ. 6899-6900 ਕਾਲਜ/ਸ. ਮਿਤੀ: 29-03-2016
ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ 30-08-2020 ਤੱਕ ਬਿਨਾਂ ਲੇਟ ਫੀਸ ਨਾਲ, ਅਜਿਹੇ ਕੇਸ ਮੁਕੰਮਲ ਦਸਤਾਵੇਜ਼ਾਂ ਸਹਿਤ) ਲੋੜੀਂਦੇ ਸਰਟੀਫਿਕੇਟ ਅਤੇ ਅਸਲ ਹਲਫੀਆ ਬਿਆਨ ਆਦਿ ਸਮੇਤ) ਯੂਨੀਵਰਸਿਟੀ ਨੂੰ ਭੇਜੇ ਜਾਣਗੇ :-

1. ਜਿੰਨ੍ਹਾਂ ਵਿਦਿਆਰਥੀਆਂ ਨੇ ਦਸਵੀਂ/10+2 ਕਲਾਸ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ ਅਤੇ ਪੰਜਾਬੀ ਦਾ ਵਿਸ਼ਾ ਨਾ ਪੜ੍ਹਿਆ ਹੋਵੇ।
2. ਡਿਫੈਂਸ ਪਰਸੋਨਲ/ਪੈਰਾ-ਮਿਲਟਰੀ ਪਰਸੋਨਲ (ਸੇਵਾ-ਮੁਕਤੀ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਤਾਂ ਮਾਤਾ ਜਾਂ ਗਾਰਡੀਅਨ ਵੀ ਸਵੈ-ਘੋਸ਼ਣਾ ਤੇ ਕੇਵਲ ਆਰਮੀ ਵਿੱਚ ਹੋਣ ਜਾਂ ਰਿਟਾਇਰਡ ਹੋਣ ਦਾ ਸਬੂਤ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

## ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ)/ ਬੀ.ਕਾਮ. ਭਾਗ ਦੂਜਾ ਅਤੇ ਤੀਜਾ/ਬੀ.ਸੀ.ਏ. ਭਾਗ ਦੂਜਾ ਅਤੇ ਤੀਜਾ/ਬੀ.ਏ. ਭਾਗ ਦੂਜਾ ਅਤੇ ਤੀਜਾ ਸਮੈਸਟਰ ਪ੍ਰਣਾਲੀ

To qualify for admission to 2nd year of the course, the candidate must have passed 50% of total papers of the two semesters of the 1st year. Similarly, to qualify for admission to 3rd year of the course, the candidate should have passed 50% of total papers of four semesters of the earlier two years.

ਵਿਸ਼ੇ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿਲੇਬਸ ਅਨੁਸਾਰ ਹੋਣਗੇ।

ਕੁਆਲੀਫਾਇੰਗ ਵਿਸ਼ੇ :-

ਵਾਤਾਵਰਣ ਅਤੇ ਸੜਕ ਸੁਰੱਖਿਆ ਜਾਗਰੂਕਤਾ ਵਿਸ਼ਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਇਸ ਵਿਸ਼ੇ ਦੀ ਪ੍ਰੀਖਿਆ ਅੰਡਰ ਗਰੈਜੂਏਟ ਪੱਧਰ ਦੇ ਕੋਰਸਾਂ ਦੇ ਦੂਜੇ ਸਾਲ ਸਮੈਸਟਰ 3 ਵਿੱਚ ਲਈ ਜਾਇਆ ਕਰੇਗੀ।(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਡਿਪਟੀ ਰਜਿਸਟਰਾਰ (ਮੀਟਿੰਗਜ਼) ਦਾ ਪੱਤਰ ਨੰ. 1505-1615 ਮਿਤੀ 05-03-2010)

Drug Abuse Problem Management and Prevention ਵਿਸ਼ਾ : ਇਹ ਵਿਸ਼ਾ ਅੰਡਰ ਗਰੈਜੂਏਟ ਪੱਧਰ ਤੇ ਭਾਗ ਪਹਿਲਾ (ਸਮੈਸਟਰ ਦੂਜਾ) ਵਿੱਚ ਕੁਆਲੀਫਾਇੰਗ ਵਿਸ਼ਾ ਲਾਗੂ ਕੀਤਾ ਗਿਆ ਹੈ।(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੱਤਰ ਨੰ. 13845-14133/ਸਮ-6 ਮਿਤੀ 12-10-2016) ਮਿਤੀ : 05-03-2010)

## ਕਾਲਜ ਅਨੁਸ਼ਾਸਨ ਸਬੰਧੀ ਨਿਯਮ/ਚਿਤਾਵਨੀਆਂ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨਿਕ ਕਾਰਵਾਈ ਕਰਨ ਦਾ ਪੂਰਨ ਅਧਿਕਾਰ ਹੈ।
2. **ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋਂ ਪੋਸਟਰ ਲਗਾਉਣਾ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ। ਬਿਨਾਂ ਆਗਿਆ ਕਿਸੇ ਵੀ ਬਾਹਰਲੇ ਵਿਅਕਤੀ ਦੁਆਰਾ ਕਾਲਜ ਵਿੱਚ ਕੋਈ ਮੀਟਿੰਗ ਨਹੀਂ ਕੀਤੀ ਜਾ ਸਕਦੀ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।**
3. ਬਾਹਰਲੇ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲੈ ਕੇ ਆਉਣਾ ਸਖਤ ਮਨਾਂ ਹੈ। ਜਿੰਨ੍ਹਾਂ ਵਿਦਿਆਰਥੀਆਂ ਦੇ ਮਾਪੇ ਲੋਕਲ ਨਹੀਂ ਰਹਿੰਦੇ ਉਨ੍ਹਾਂ ਦੇ ਗਾਰਡੀਅਨ ਜ਼ਿੰਮੇਵਾਰ ਵਿਅਕਤੀ ਹੋਣ ਨਾਂ ਕਿ ਉਨ੍ਹਾਂ ਦੇ ਛੋਟੇ ਭੈਣ-ਭਰਾ ਜਾਂ ਮਿੱਤਰ।
4. ਰੋਜ਼ਾਨਾ ਹਾਜ਼ਰੀ ਤੋਂ ਭਾਵ ਟਾਈਮ ਟੇਬਲ ਅਨੁਸਾਰ ਦਿਨ ਦੇ ਸਾਰੇ ਪੀਰੀਅਡਾਂ ਦੀ ਹਾਜ਼ਰੀ ਲਾਜ਼ਮੀ ਹੈ। ਕਿਸੇ ਵਿਸ਼ੇਸ਼ ਮੌਕੇ ਲਈ ਗੈਰ ਹਾਜ਼ਰ ਵਿਦਿਆਰਥੀ ਲਈ ਹਾਜ਼ਰ ਹੋਣਾ ਜ਼ਰੂਰੀ ਹੈ।
5. ਵਿੱਦਿਅਕ ਅਤੇ ਸਭਿਆਚਾਰਕ ਵਿਸ਼ਿਆ ਉੱਤੇ ਪ੍ਰਿੰਸੀਪਲ, ਅਧਿਆਪਕ ਜਾਂ ਪ੍ਰਸਿੱਧ ਵਿਅਕਤੀਆਂ ਵੱਲੋਂ ਦਿੱਤੇ ਜਾਂਦੇ ਵਿਸ਼ੇਸ਼ ਭਾਸ਼ਨਾਂ ਤੇ ਵਿਦਿਆਰਥੀ ਲਈ ਹਾਜ਼ਰ ਹੋਣਾ ਜ਼ਰੂਰੀ ਹੈ।
6. ਵਿਦਿਆਰਥੀਆਂ ਲਈ ਪ੍ਰਵਾਨਿਤ ਪਾਰਕਾਂ ਜਾਂ ਸਥਾਨਾਂ ਤੇ ਹੀ ਰਹਿਣਾ ਜ਼ਰੂਰੀ ਹੈ। "ਸੰਜੀਵਨੀ ਹਾਲ" ਲੜਕੀਆਂ ਲਈ ਰਾਖਵਾਂ ਹੈ। ਸੋ ਲੜਕਿਆਂ ਲਈ ਸਧਾਰਨ ਤੌਰ ਤੇ ਇਸ ਵਿੱਚ ਜਾਣਾ ਵਰਜਿਤ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
7. ਪ੍ਰਿੰਸੀਪਲ ਸਾਹਿਬ ਪਾਸ ਸਾਰੀਆਂ ਅਰਜ਼ੀਆਂ ਪੰਜਾਬੀ ਭਾਸ਼ਾ ਵਿੱਚ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।
8. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਕੈਂਪਸ ਨੂੰ ਸਾਫ ਰੱਖਣ। ਕਿਤੇ ਵੀ ਕੁਝ ਲਿਖਣਾ, ਨਿਸ਼ਾਨ ਲਾਉਣੇ ਜਾਂ ਇਤਿਹਾਸ ਲਗਾਉਣੇ ਮਨ੍ਹਾਂ ਹਨ। ਪਾਰਕਾਂ ਵਿੱਚੋਂ ਫੁੱਲ-ਬੂਟੇ ਤੋੜਨਾ ਸਖਤ ਮਨ੍ਹਾਂ ਹੈ ਅਤੇ ਕਾਲਜ ਕੈਂਪਸ ਨੂੰ ਖਰਾਬ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਕੀਤਾ ਜਾ ਸਕਦਾ ਹੈ।
9. ਸਰਕਾਰੀ ਜਾਇਦਾਦ ਜਿਵੇਂ ਕਿ ਡੈਸਕ, ਕੁਰਸੀਆਂ, ਬੈਂਚ, ਖਿੜਕੀਆਂ ਅਤੇ ਖਿੜਕੀਆਂ ਦੇ ਸ਼ੀਸ਼ੇ, ਪੱਖੇ, ਬਲੈਕ-ਬੋਰਡ ਆਦਿ ਤੋੜਨ ਵਾਲੇ ਨੂੰ ਖਰਾਬ ਵਸਤੂ ਖਰੀਦ ਕੇ ਦੇਣੀ ਪਵੇਗੀ ਅਤੇ ਸਪੈਸ਼ਲ ਜੁਰਮਾਨਾ ਵੀ ਹੋਵੇਗਾ।
10. ਪ੍ਰਿੰਸੀਪਲ ਪਾਸ ਯੋਗ ਢੰਗ ਨਾਲ ਆਪਣੀਆਂ ਮੁਸ਼ਕਲਾਂ ਦੱਸਣ ਦੀ ਵਿਦਿਆਰਥੀ ਨੂੰ ਖੁੱਲ੍ਹ ਹੈ। ਵਿਦਿਆਰਥੀ ਡੀਨ ਸਟੂਡੈਂਟ ਵੈਲਫੇਅਰ ਡਾ. ਨਿਰਵਰਿੰਦਰ ਕੌਰ ਨਾਲ ਵੀ ਆਪਣੀ ਮੁਸ਼ਕਲਾਂ ਸਬੰਧੀ ਸੰਪਰਕ ਕਰ ਸਕਦੇ ਹਨ।
11. ਕਾਲਜ ਵਿੱਚ ਦਾਖਲ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਕਾਲਜ ਵਿੱਚ ਦਾਖਲ ਹੋਣਾ ਮਨ੍ਹਾਂ ਹੈ। ਇਹ ਸ਼ਨਾਖਤੀ ਕਾਰਡ ਕਾਲਜ ਦੇ ਜ਼ਿੰਮੇਵਾਰ ਅਧਿਕਾਰੀ ਦੇ ਪੁੱਛਣ ਤੇ ਵਿਖਾਉਣਾ ਲਾਜ਼ਮੀ ਹੈ।
12. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਪੀਣਾ ਜਾਂ ਕਿਸੇ ਹੋਰ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨ, ਤਾਸ਼ ਅਤੇ ਜੂਆ ਖੇਡਣ ਦੀ ਸਖਤ ਮਨਾਹੀ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
13. ਕਾਲਜ ਵਿੱਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ। ਕਾਲਜ ਵਿੱਚ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।
14. **ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਬਾਰੇ ਜਾਰੀ ਹਦਾਇਤਾਂ ਦੀ ਪਾਲਣਾ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮੋਬਾਇਲ ਵੀ ਜ਼ਬਤ ਕੀਤਾ ਜਾ ਸਕਦਾ ਹੈ।**
15. ਕਾਲਜ ਵਿੱਚ ਪਟਕਾ ਬੰਨ ਕੇ ਆਉਣ ਦੀ ਸਖ਼ਤ ਮਨਾਹੀ ਹੈ। ਜਿਹੜਾ ਵਿਦਿਆਰਥੀ ਅਜਿਹੇ ਪਹਿਰਾਵੇ ਵਿੱਚ ਪਾਇਆ ਗਿਆ ਉਸਨੂੰ ਅਨੁਸ਼ਾਸਨੀ ਕਾਰਵਾਈ ਅਧੀਨ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਦੂਸਰੀ ਵਾਰੀ ਅਜਿਹਾ ਕਰਨ 'ਤੇ ਕਾਲਜ ਵਿੱਚੋਂ ਸਸਪੈਂਡ ਕੀਤਾ ਜਾ ਸਕਦਾ ਹੈ।

16. ਸਾਈਕਲ, ਸਕੂਟਰ, ਮੋਟਰ-ਸਾਈਕਲ ਨਿਸ਼ਚਿਤ ਸਾਈਕਲ ਸਟੈਂਡ ਤੇ ਹੀ ਖੜ੍ਹੇ ਕੀਤੇ ਜਾਣ ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
17. ਖੇਡ ਦੇ ਮੈਦਾਨ ਵਿੱਚ ਕੋਈ ਵੀ ਵਹੀਕਲ ਚਲਾਉਣਾ ਜਾ ਖੜ੍ਹਾ ਕਰਨਾ ਮਨ੍ਹਾਂ ਹੈ।
18. ਕਾਲਜ ਪ੍ਰਤੀ ਕਿਸੇ ਕਿਸਮ ਦਾ ਸੁਝਾਓ ਜਾਂ ਸ਼ਿਕਾਇਤ ਪ੍ਰਿੰਸੀਪਲ ਦਫ਼ਤਰ ਦੇ ਬਾਹਰ ਲੱਗੇ ਸੁਝਾਓ ਬਕਸੇ ਵਿੱਚ ਲਿਖਤੀ ਰੂਪ ਵਿੱਚ ਕੀਤੀ ਜਾ ਸਕਦੀ ਹੈ। ਇਹ ਬਕਸਾ ਕੇਵਲ ਪ੍ਰਿੰਸੀਪਲ ਰਾਹੀਂ ਹਰ ਹਫਤੇ ਖੋਲ੍ਹਿਆ ਜਾਂਦਾ ਹੈ।
19. ਕਿਸੇ ਵਿਦਿਆਰਥੀ ਦੀ ਕਿਸੇ ਹਰਕਤ ਨੂੰ ਦੁਰ ਵਿਵਹਾਰ ਜਾਂ ਅਨੁਸ਼ਾਸਨ ਵਿਰੁੱਧ ਕਰਾਰ ਦੇਣ ਦਾ ਅੰਤਿਮ ਅਧਿਕਾਰ ਪ੍ਰਿੰਸੀਪਲ ਸਾਹਿਬ ਦੇ ਹੱਥ ਵਿੱਚ ਹੈ। ਅਜਿਹੇ ਕਸੂਰ ਦੇ ਬਦਲੇ ਪ੍ਰਿੰਸੀਪਲ, ਵਿਦਿਆਰਥੀ ਨੂੰ ਜੁਰਮਾਨਾ/ਕਾਲਜ ਤੋਂ ਕੱਢਣ/ਬਲੈਕ ਲਿਸਟ ਕਰ ਸਕਦੇ ਹਨ।

## ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁਝ ਜ਼ਰੂਰੀ ਹਦਾਇਤਾਂ

ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਦੀਆਂ ਪਾਤਰਤਾ ਸ਼ਰਤਾਂ ਉਹੀ ਹਨ ਜੋ ਕਿ ਸੰਬੰਧਿਤ ਕੋਰਸ ਦੇ ਯੂਨੀਵਰਸਿਟੀ ਦੇ ਅਧਿਆਦੇਸ਼ਾਂ ਰਾਹੀਂ ਨਿਰਧਾਰਿਤ ਕੀਤੀਆਂ ਗਈਆਂ ਹਨ।

1. ਜਿੰਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀਆਂ ਹਨ, ਉਨ੍ਹਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certificate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼, ਸੀ.ਬੀ.ਐਸ.ਈ ਅਤੇ ਆਈ.ਸੀ.ਐਸ.ਈ ਬੋਰਡਾਂ ਤੋਂ ਪਾਸ ਵਿਦਿਆਰਥੀਆਂ ਨੂੰ ਇਸ ਸਰਟੀਫਿਕੇਟ ਦੀ ਲੋੜ ਨਹੀਂ।
2. ਨਿਯਮਾਂ ਅਨੁਸਾਰ ਪੁਨਰ ਮੁਲਾਂਕਣ ਉਪਰੰਤ ਲੇਟ ਦਾਖਲੇ ਦੀ ਸੁਵਿਧਾ ਹੈ, ਪਰ ਸ਼ਰਤ ਇਹ ਹੈ ਕਿ ਸੀਟਾਂ ਖਾਲੀ ਹੋਣ।
3. ਜਿਹੜੇ ਵਿਦਿਆਰਥੀ ਬੀ.ਏ/ਬੀ.ਐਸ.ਸੀ./ਬੀ.ਕਾਮ-ਭਾਗ ਪਹਿਲਾ ਅਤੇ ਦੂਜੇ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿੱਚ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫਿਸਿਟ ਪਰਚੇ ਦੇ ਕੇਸ ਯੂਨੀਵਰਸਿਟੀ ਵੱਲੋਂ ਦਿੱਤੀ ਤਾਰੀਖ ਤੱਕ ਬਿਨਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਬਣਦੀ ਲੇਟ ਫੀਸ ਨਾਲ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫ਼ਤਰ ਵਿਖੇ ਪਹੁੰਚਦੇ ਕੀਤੇ ਜਾਣਗੇ।
5. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸਬੰਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ-ਪੱਤਰ ਦੇਣਾ ਪਾਵੇਗਾ।
7. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ. 3681-3826/ਕਾਲਜੇਸ-4 ਮਿਤੀ 18-04-2012 ਅਨੁਸਾਰ ਬੋਰਡ ਆਫ਼ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
8. ਸੈਸ਼ਨ 2019-20 ਤੋਂ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ। ਪ੍ਰੰਤੂ ਨਿਰਧਾਰਿਤ ਮਿਤੀਆਂ ਦੌਰਾਨ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ ਪ੍ਰੰਤੂ ਇਸ ਦੀ ਪ੍ਰਵਾਨਗੀ ਨਿਰਧਾਰਤ ਮਿਤੀਆਂ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵਗੀ।

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ. 2008/ਕਾਲਜਾਂ/ਸ.-1/ਮਿਤੀ 16-4-2019)

## ਸੈਸ਼ਨ : 2024-25 ਦੇ ਦਾਖਲੇ ਸਬੰਧੀ ਜਨਰਲ ਤੇ ਜ਼ਰੂਰੀ ਹਦਾਇਤਾਂ

1. **Entry Level ਕਲਾਸਾਂ ਦਾ ਦਾਖਲਾ (BA I, B.Sc. I (Medical ਅਤੇ Non Medical), B.Com. I, B.Sc. I (Agri.) B.C.A. I, B.B.A. I (Hospital Management), B.Sc. I (Data Analytics) and B.A.I (Digital Media & Design) State Level ਤੇ Online Portal ਤੇ ਹੋਵੇਗਾ।**
2. ਵਿਦਿਆਰਥੀਆਂ ਨੂੰ **State Level Online Portal** ਤੇ ਫਾਰਮ ਭਰਨੇ ਹਨ ਤੇ **College Preference** ਦੇ ਹਿਸਾਬ ਨਾਲ ਵਿਦਿਆਰਥੀ ਕਾਲਜ ਨੂੰ ਅਲਾਟ ਹੋਣਗੇ।
3. ਯੂਨੀਵਰਸਿਟੀ ਬੋਰਡ ਪ੍ਰੀਖਿਆ ਵਿੱਚ ਫੇਲ ਹੋਏ ਰਿਵਰਟ ਹੋਏ ਵਿਦਿਆਰਥੀਆਂ, ਪ੍ਰੀਖਿਆ ਵਿੱਚ ਗੈਰ-ਹਾਜ਼ਰ, ਪ੍ਰੀਖਿਆ ਵਿੱਚ ਪਰਚੇ ਛੱਡ ਜਾਣ ਵਾਲੇ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਗਾਈਆਂ ਕੰਡੀਸ਼ਨਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
4. ਕਾਲਜ ਵਿੱਚ ਪਹਿਲਾਂ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ-ਦੂਜਾ ਜਾਂ ਤੀਜਾ) ਵਿੱਚ ਦਾਖਲਾ, ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਆਧਾਰ ਤੇ ਹੀ ਦਿੱਤਾ ਜਾਵੇਗਾ।
5. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰ ਦਾ ਦਾਖਲੇ ਲਈ ਜਤਲਾਇਆ ਕੋਈ ਹੱਕ ਨਹੀਂ ਮੰਨਿਆ ਜਾ ਸਕੇਗਾ ਭਾਵੇਂ ਉਸ ਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲੋਂ ਵਧੇਰੇ ਹੀ ਕਿਉਂ ਨਾ ਹੋਵੇ।

6. ਸਰੀਰਕ ਸਿੱਖਿਆ ਦਾ ਵਿਸ਼ਾ ਦਾਖਲ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ ਜਿਹੜੇ ਸਰੀਰਕ ਸਿੱਖਿਆ ਦੇ ਟੈਸਟ ਵਿੱਚ ਯੋਗ ਪਾਏ ਜਾਣਗੇ।
7. ਇੱਕ ਵਿਸ਼ੇ ਦੀਆਂ ਸੀਟਾਂ ਪੂਰੀਆਂ ਹੋ ਜਾਣ ਤੇ ਉਸ ਵਿਸ਼ੇ ਦੀ ਥਾਂ ਦੂਜਾ ਵਿਸ਼ਾ ਲੈਣ ਤੇ ਹੀ ਦਾਖਲਾ ਮਿਲ ਸਕੇਗਾ। ਬਾਅਦ ਵਿੱਚ ਅਜਿਹਾ ਵਿਸ਼ਾ ਲੈਣ ਵਾਲੇ ਵਿਦਿਆਰਥੀ ਦਾ ਵਿਸ਼ਾ ਬਦਲਿਆ ਨਹੀਂ ਜਾਵੇਗਾ।
8. ਕਾਲਜ ਵਿੱਚ ਵੱਖ-ਵੱਖ ਕਲਾਸਾਂ ਦੇ ਪਹਿਲੇ ਸਮੈਸਟਰ ਦੇ ਦਾਖਲੇ ਲਈ ਇੱਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਗੈਪ ਦਾ ਉਚਿਤ ਕਾਰਨ ਹੋਣ ਤੇ ਵਿਚਾਰਿਆ ਜਾ ਸਕਦਾ ਹੈ।
9. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਂਹ ਕੀਤੀ ਜਾ ਸਕਦੀ ਹੈ।
10. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਖਾਰਜ ਕੀਤਾ ਜਾ ਸਕਦਾ ਹੈ।
11. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ।
12. ਹਰ ਵਿਦਿਆਰਥੀ ਲਈ ਵੱਖ-ਵੱਖ ਫੈਕਲਟੀਆਂ (ਮੈਡੀਕਲ/ਨਾਨ ਮੈਡੀਕਲ/ਕਾਮਰਸ/ਆਰਟਸ/ਖੇਤੀਬਾੜੀ/ਬੀ.ਸੀ.ਏ.ਆਦਿ) ਲਈ ਵੱਖੋ-ਵੱਖਰੇ ਫਾਰਮ ਭਰਨੇ ਜ਼ਰੂਰੀ ਹਨ।
13. ਦਾਖਲੇ ਬਾਰੇ ਕੋਈ ਵੀ ਤਬਦੀਲੀ ਸਬੰਧੀ ਲੋੜੀਂਦੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਅਤੇ ਵੈਬਸਾਈਟ ਤੇ ਹੀ ਲਗਾਈ ਜਾਵੇਗੀ।
14. ਕਿਸੇ ਕਲਾਸ ਵਿੱਖ ਦਾਖਲ ਹੋਇਆ ਵਿਦਿਆਰਥੀ , ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ।ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।

# ਵਜ਼ੀਫੇ/ਸਕਾਲਰਸ਼ਿਪ

(ਵਿਦਿਆਰਥੀ ਕਿਸੇ ਵੀ ਇੱਕ ਸਕਾਲਰਸ਼ਿਪ ਸਕੀਮ ਲਈ ਹੀ ਅਪਲਾਈ ਕਰ ਸਕਦਾ ਹੈ)

## ਸੈਂਟਰਲ ਸੈਕਟਰ ਸਕੀਮ ਆਫ਼ ਸਕਾਲਰਸ਼ਿਪ ਫਾਰ ਕਾਲਜ ਅਤੇ ਯੂਨੀਵਰਸਿਟੀ ਸਟੂਡੈਂਟ (CSSS)

ਭਾਰਤ ਸਰਕਾਰ ਵੱਲੋਂ ਇਹ ਸਕੀਮ ਘੱਟ ਆਮਦਨ ਵਰਗ ਦੇ ਵਿਦਿਆਰਥੀਆਂ ਲਈ ਚਲਾਈ ਗਈ ਹੈ। ਇਹ ਸਕੀਮ ਜਨਰਲ ਕੈਟਾਗਿਰੀ ਦੇ ਉਹਨਾਂ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਨੇ 10+2 ਕਲਾਸ ਵਿੱਚੋਂ 80% ਤੋਂ ਉਪਰ ਅੰਕ ਪ੍ਰਾਪਤ ਕੀਤੇ ਹੋਣ। ਇਹ ਸਕੀਮ ਦਾ ਲਾਭ ਰੈਗੂਲਰ ਕੋਰਸ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲੈ ਸਕਦੇ ਹਨ **Correspondence Course/Distance Education** ਆਦਿ ਲਈ ਇਹ ਸਕੀਮ ਨਹੀਂ ਹੈ ਇਸ ਸਕੀਮ ਤਹਿਤ ਡਿਪਲੋਮਾ ਕੋਰਸ ਕਰਨ ਵਾਲੇ ਵਿਦਿਆਰਥੀਆਂ ਕਵਰ ਨਹੀਂ ਹੁੰਦੇ। ਪਰਿਵਾਰਿਕ ਆਮਦਨ 8 ਲੱਖ (ਪ੍ਰਤੀ ਸਾਲ) ਤੋਂ ਘੱਟ ਹੋਣੀ ਚਾਹੀਦੀ ਹੈ। ਵਿਦਿਆਰਥੀ, ਕੋਈ ਹੋਰ ਸਕਾਲਰਸ਼ਿਪ ਨਾ ਲੈ ਰਹੇ ਹੋਣ।

## MINORITY COMMUNITY SCHOLARSHIP SCHEME

ਡਾਇਰੈਕਟਰ ਆਫ਼ ਹਾਇਰ ਐਜੂਕੇਸ਼ਨ ਚੰਡੀਗੜ੍ਹ ਪ੍ਰਸ਼ਾਸਨ ਦੇ ਪੱਤਰ ਨੰ. **DHE-UT-C6-4(03)8VI** ਮਿਤੀ: 26-08-2020 ਦੇ ਹਵਾਲੇ ਵਿੱਚ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਮੋਹਾਲੀ ਦੇ ਮੀਮੋ ਨੰ. 10/16-2020 ਸਕਾ-303/466 ਮਿਤੀ: 30-09-2020 ਅਨੁਸਾਰ **Ministry of Minority Affairs** ਵੱਲੋਂ 6 ਘੱਟ ਗਿਣਤੀ ਭਾਈਚਾਰਿਆ **(Jain, Buddhist, Sikh, Parsis (Zoroastrian), Muslim and Christian)** ਦੇ ਯੋਗ ਵਿਦਿਆਰਥੀ, ਇਸ ਸਕੀਮ ਦਾ ਲਾਭ ਉਠਾ ਸਕਦੇ ਹਨ।

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ: ਪੰਜਾਬ ਸਰਕਾਰ ਦੇ ਪੱਕੇ ਵਸਨੀਕ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ/ਸੈਕੰਡਰੀ ਸਟੇਜ ਤੇ ਵਿੱਦਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜ਼ੀਫੇ ਪ੍ਰਾਪਤ ਕਰ ਸਕਦੇ ਹਨ ਬਸ਼ਰਤੇ ਕਿ ਉਸਦੇ ਪਰਿਵਾਰ ਦੀ ਸਾਰਿਆਂ ਵਸੀਲਿਆਂ ਤੋਂ ਸਾਲਾਨਾ ਆਮਦਨ 2,50,000/- ਰੁਪੈ ਤੋਂ ਵੱਧ ਨਾ ਹੋਵੇ। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਸਮੇਂ ਆਪਣੇ ਮਾਤਾ/ਪਿਤਾ/ਸਰਪ੍ਰਸਤ ਪਾਸੋਂ ਨੋਟਰੀ ਦੁਆਰਾ ਤਸਦੀਕ ਸ਼ੁਦਾ ਹਲਫੀਆ ਬਿਆਨ ਦੇਣਗੇ। (ਨਮੂਨਾ ਹੇਠਾਂ ਦਿੱਤਾ ਗਿਆ ਹੈ) ਅਤੇ ਹਲਫੀਆ ਬਿਆਨ ਅਨੁਸਾਰ ਲਾਗੂ ਆਮਦਨ ਸਰਟੀਫਿਕੇਟ ਵੀ ਦੇਣਗੇ। (ਨਮੂਨਾ ਹੇਠਾਂ ਦਿੱਤਾ ਗਿਆ ਹੈ) ਵਜੀਫਾ ਫਾਰਮ ਨਾ ਭਰਨ ਦੀ ਸੂਰਤ ਵਿੱਚ ਉਹਨਾਂ ਦਾ ਦਾਖਲਾ ਇਸ ਸਕੀਮ ਅਧੀਨ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਵਜੀਫਾ ਨਹੀਂ ਲੈਣਾ ਜਾਂ ਵਜੀਫੇ ਲਈ ਅਯੋਗ ਹੋਣ ਤਾਂ ਇਸ ਬਾਰੇ ਪੂਰੀ ਸੂਚਨਾ ਦਫਤਰ ਵਿੱਚ ਲਿਖਤੀ ਰੂਪ ਵਿੱਚ ਦਾਖਲੇ ਸਮੇਂ ਦੇਣਗੇ।

ਇਸ ਸਕੀਮ ਅਧੀਨ ਸਾਲ 2008-09 ਤੋਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿੰਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 2,50,000- ਰੁਪਏ ਤੋਂ ਵੱਧ ਨਾ ਹੋਵੇ, ਤੋਂ ਟਿਊਸ਼ਨ ਫੀਸ ਅਤੇ ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਵਰ ਹੁੰਦੀਆਂ ਹਨ ਨਹੀਂ ਲਈਆਂ ਜਾਣਗੀਆਂ।

(ਹਵਾਲਾ : ਸੰਯੁਕਤ ਸਕੱਤਰ (ਪੰਜਾਬ ਸਰਕਾਰ), ਭਲਾਈ ਵਿਭਾਗ (ਭਲਾਈ ਸੈਲ ਨਾਨ-ਪਲਾਨ) ਦਾ ਦਫਤਰ ਦੇ ਪੱਤਰ ਨੰ: 3/7/407-ਐਸ.ਏ.-11/2244-2249 ਮਿਤੀ ਚੰਡੀਗੜ੍ਹ 11-07-2007)

ਇਹ ਲਾਭ ਪ੍ਰਾਪਤ ਕਰਨ ਲਈ ਸਵੈ-ਰੋਜ਼ਗਾਰ ਮਾਤਾ-ਪਿਤਾ/ਸਰਪ੍ਰਸਤ ਨੂੰ ਆਮਦਨ ਸਰਟੀਫਿਕੇਟ ਜੋ ਕਿ ਅਗਜੈਕਟਿਵ ਮੈਜਿਸਟ੍ਰੇਟ ਤੋਂ ਜਾਰੀ ਕੀਤਾ ਹੋਵੇ, ਦੇਣਾ ਹੋਵੇਗਾ ਕਿ ਉਹਨਾਂ ਦੀ ਸਾਰੇ ਸਾਧਨਾਂ ਤੋਂ ਕੁੱਲ ਸਲਾਨਾ ਆਮਦਨ 2,50,000/-ਰੁਪਏ ਤੋਂ ਵੱਧ ਨਹੀਂ ਹੈ। ਨੌਕਰੀ ਕਰ ਰਹੇ ਮਾਤਾ-ਪਿਤਾ/ਸਰਪ੍ਰਸਤ ਨੂੰ ਆਪਣੇ ਇੰਪਲਾਇਰ ਤੋਂ ਚਾਲੂ ਸਾਲ ਦਾ ਸਲਾਨਾ ਆਮਦਨ ਸਰਟੀਫਿਕੇਟ ਦੇਣਾ ਹੋਵੇਗਾ ਅਤੇ ਬਾਕੀ ਸਾਧਨਾਂ ਤੋਂ ਹੋਰ ਆਮਦਨ ਲਈ ਆਮਦਨ ਸਰਟੀਫਿਕੇਟ ਦੇਣਾ ਹੋਵੇਗਾ। (ਪੰਜਾਬ ਸਰਕਾਰ ਦੇ ਪੱਤਰ 1711962-65 ਮਿਤੀ 13-6-2013 ਤੋਂ ਉਪਰੋਕਤ ਸਕੀਮ ਤਹਿਤ ਆਮਦਨੀ ਦੀ ਹੱਦ 2 ਲੱਖ ਤੋਂ 2.50 ਲੱਖ ਰੁਪਏ ਸਲਾਨਾ ਕਰ ਦਿੱਤੀ ਗਈ ਹੈ।)

## ਹੋਰ ਪੱਛੜੀਆਂ (O.B.C.) ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਪੱਛੜੀਆਂ ਸ਼੍ਰੇਣੀਆਂ ਦੇ ਉਹ ਵਿਦਿਆਰਥੀ ਜੋ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੇ ਹੋਣ ਨੂੰ ਸਕੀਮ ਅਧੀਨ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀਆਂ ਅਤੇ ਮਾਤਾ-ਪਿਤਾ/ਗਾਰਡੀਅਨ ਦੀ ਸਾਰੇ ਸੋਮਿਆਂ ਤੋਂ ਸਾਲਾਨਾ ਆਮਦਨ 1,00,000/-(ਇੱਕ ਲੱਖ) ਰੁਪਏ ਤੋਂ ਵੱਧ ਨਾ ਹੋਵੇ।

### ਐਸ.ਸੀ./ਬੀ.ਸੀ. ਸ਼੍ਰੇਣੀ ਦੇ ਯੋਗ ਵਿਦਿਆਰਥੀ ਵਜੀਫਾ ਭਰਨ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣ:-

1. ਵਜੀਫਾ ਫਾਰਮ ਵਿੱਚ ਸੰਬੰਧਤ ਬੈਂਕ ਦਾ ਨਾਮ, ਆਈ.ਐਫ.ਐਸ.ਈ. ਕੋਡ, ਵਿਦਿਆਰਥੀਆਂ ਦੇ ਆਨ ਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ।
2. ਇਨ੍ਹਾਂ ਦਸਤਾਵੇਜਾਂ ਦੀ ਇੱਕ ਕਾਪੀ ਕਾਲਜ ਵਿੱਚ ਵੀ ਜਮ੍ਹਾਂ ਕਰਵਾਈ ਜਾਵੇ।
3. ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਉਨ੍ਹਾਂ ਦੇ ਆਨ-ਲਾਈਨ ਬੈਂਕ ਖਾਤੇ ਵਿੱਚ ਸਿੱਧੀ ਜਾਣੀ ਹੈ। ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸਬੰਧੀ ਵੇਰਵੇ ਸਹੀ ਹੋਣ।
4. ਬੈਂਕ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜ਼ਿੰਮੇਵਾਰੀ ਸੰਬੰਧਤ ਵਿਦਿਆਰਥੀ ਦੀ ਹੋਵੇਗੀ।

### ਵਿਦਿਆਰਥੀ ਹੇਠ ਲਿਖੇ ਅਨੁਸਾਰ Do's ਅਤੇ Dont's ਨੂੰ ਧਿਆਨ ਵਿੱਚ ਰੱਖਣ:-

| Do's | Don'ts |
|---|---|
| Account No. should be in numeric field. | Do not write any alphabet or symbol in the account number field. |
| IFSC code should be of 11 digits, First 4 characters are alphabets and last 7 are numeric | Do not write bank name along with IFSC code, only eleven digit should be mentioned in this field. |
| Also mention complete name and the address of the Bank in separate column. | Ensure the zero do not get deleted for the accounts starting from -0- |
| Capture the name and address of Institute in the separate column. | – |
| Please recheck cell format while saving the file. | – |

(ਹਵਾਲਾ: ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਚੰਡੀਗੜ੍ਹ (ਸਕਾਲਰਸ਼ਿਪ(ਸ਼ਾਖਾ) ਦੇ ਦਫਤਰ ਦੇ ਮੀਮੋ ਨੰ: 2/6-2007 ਸਕਾਲਰਸ਼ਿਪ-1(6) ਚੰਡੀਗੜ੍ਹ ਮਿਤੀ 19-03-2013)

## ਪੇਂਡੂ ਖੇਤਰ ਦੀਆਂ ਅੰਗਹੀਣ ਲੜਕੀਆਂ ਲਈ ਵਜ਼ੀਫਾ ਸਕੀਮ

ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਫਰੀਦਕੋਟ ਦੇ ਪੱਤਰ ਨੰਬਰ 189 ਮਿਤੀ 01-03-2012 ਅਧੀਨ ਭਾਰਤ ਸਰਕਾਰ ਵੱਲੋਂ ਪਲਾਨ ਸਕੀਮ ਸਭ 3.15 ਸਟੂਡੈਂਟ ਸਕਾਲਰਸ਼ਿਪ ਟੂ ਹੈਂਡੀਕੈਪ ਇਹ ਰੂਰਲ ਏਰੀਆ (ਏ.ਸੀ.ਏ.) ਸਕੀਮ ਅਧੀਨ ਪੇਂਡੂ ਖੇਤਰ ਦੀਆਂ ਅੰਗਹੀਣ ਵਿਦਿਆਰਥਣਾਂ ਨੂੰ 1,500/- ਰੁਪਏ ਅਤੇ 1,500/- ਰੁਪਏ ਕਿਤਾਬਾਂ ਲਈ ਦਿੱਤੇ ਜਾਂਦੇ ਹਨ। ਇਸ ਸਕੀਮ ਲਈ ਕਲੇਮ ਕਰਨ ਵਾਲੀਆਂ ਵਿਦਿਆਰਥਣਾਂ ਦੀ ਅਪੰਗਤਾ 40% ਤੋਂ ਘੱਟ ਅਤੇ ਮਾਤਾ-ਪਿਤਾ ਦੀ ਸਲਾਨਾ ਆਮਦਨ 60,000/- ਰੁਪਏ ਤੋਂ ਵੱਧ ਨਾ ਹੋਵੇ।

## ਇੰਦਰਾ ਗਾਂਧੀ ਪੀ.ਜੀ. ਸਕਾਲਰਸ਼ਿਪ ਫਾਰ ਸਿੰਗਲ ਗਰਲ ਚਾਈਲਡ' ਵਜ਼ੀਫਾ ਸਕੀਮ

ਯੂ.ਜੀ.ਸੀ. ਦੇ ਪੱਤਰ ਨੰਬਰ ਐਫ-8-94/2008 (ਐਸ.ਏ.-3) ਮਿਤੀ 30-9-2009 ਅਨੁਸਾਰ ਇੰਦਰਾ ਗਾਂਧੀ ਪੀ.ਜੀ. ਸਕਾਲਰਸ਼ਿਪ ਫੌਰ ਸਿੰਗਲ ਗਰਲ ਚਾਈਲਡ ਦੇ ਆਧਾਰ ਤੇ ਕੇਵਲ ਪੀ.ਜੀ. (ਨਾਲ ਪਰੋਫੈਸ਼ਨਲ) ਕੋਰਸ (ਪਹਿਲਾ ਸਾਲ) ਪੜ੍ਹਨ ਵਾਲੀ ਇਕੱਲੀ ਲੜਕੀ ਜੋ ਕਿ ਪਰਿਵਾਰ ਦਾ ਇੱਕੋ ਹੀ ਬੱਚਾ ਹੋਵੇ ਦੀ ਟਿਊਸ਼ਨ ਫੀਸ ਨਹੀਂ ਲਈ ਜਾਵੇਗੀ ਅਤੇ ਸਕਾਲਰਸ਼ਿਪ ਦੀ ਰਕਮ 2000/- ਰੁਪਏ ਪ੍ਰਤੀ ਮਹੀਨਾ ਦੋ ਸਾਲਾਂ ਲਈ (ਸਾਲ ਵਿੱਚ ਕੇਵਲ 10 ਮਹੀਨੇ) ਹੋਵੇਗੀ।

## ਘੱਟ ਗਿਣਤੀ ਸਮੁਦਾਏ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਇਸ ਸਕੀਮ ਅਧੀਨ 2008/09 ਦੇ ਯੋਗ ਘੱਟ ਗਿਣਤੀ ਸਮੁਦਾਇ (ਸਿੱਖ, ਮੁਸਲਿਮ, ਈਸਾਈ, ਬੋਧੀ, ਜੈਨ ਅਤੇ ਪਾਰਸੀ) ਨਾਲ ਸਬੰਧਤ ਵਿਦਿਆਰਥੀਆਂ ਨੂੰ ਜਿੰਨ੍ਹਾਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਦੀ ਸਲਾਨਾ ਆਮਦਨ 2,00,000/- ਰੁਪਏ ਤੋਂ ਵੱਧ ਨਾ ਹੋਵੇ ਅਤੇ ਵਿਦਿਆਰਥੀ ਵੱਲੋਂ ਪੂਰਵਲੇ ਸਾਲ ਦੌਰਾਨ ਫਾਈਨਲ ਇਮਤਿਹਾਨ ਵਿੱਚੋਂ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਨੂੰ ਲਾਭ ਦਿੱਤਾ ਜਾਣਾ ਹੈ। ਵਿਦਿਆਰਥੀ ਦਾਖਲ ਹੋਣ ਉਪਰੰਤ ਵਜ਼ੀਫਾ ਕਲਰਕ ਨਾਲ ਸੰਪਰਕ ਕਰਨ।
(ਹਵਾਲਾ : ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਦੇ ਪੱਤਰ ਨੰ. 1126-2/9-2007 ਸਕਾ, (8) ਮਿਤੀ : 30-02-2008)

(ਵਜ਼ੀਫੇ ਲਈ www.momascholarship.gov.in ਤੇ ਆਨਲਾਈਨ ਸਪਲਾਈ ਕੀਤਾ ਜਾ ਸਕਦਾ ਹੈ ਅਤੇ ਬਿਨੈ ਪੱਤਰ ਦੀ ਹਾਰਡ ਕਾਪੀ ਅਤੇ ਲੋੜੀਂਦੇ ਦਸਤਾਵੇਜ ਦਫਤਰ ਵਿੱਚ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ)

## ਰਜਿਸਟਰਡ ਨਿਰਮਾਣ ਕਾਮਿਆਂ ਦੇ ਬੱਚਿਆਂ ਲਈ ਸਟਾਈਪੈਂਡ ਸਕੀਮ

Punjab Building and Other Construction Workers Welfare Board ਵੱਲੋਂ ਰਜਿਸਟਰਡ ਉਸਾਰੀ ਕਾਮਿਆਂ ਦੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਡਿਗਰੀ ਕੋਰਸਾਂ ਤੱਕ 3000/- ਤੋਂ 7000/- ਰੁਪਏ ਸਲਾਨਾ ਦਾ ਸਟਾਈਪੈਂਡ ਦੇਣ ਦੀ ਸਕੀਮ ਹੈ। ਇਹ ਸਟਾਈਪੈਂਡ ਪ੍ਰਾਪਤ ਕਰਨ ਲਈ online ਅਰਜੀ ਦਿੱਤੀ ਜਾ ਸਕਦੀ ਹੈ। ਸਬੰਧਤ ਵਿਦਿਆਰਥੀ ਉਪਰੋਕਤ ਬੋਰਡ ਦੇ ਇੰਸਪੈਕਟਰ ਨਾਲ ਸੰਪਰਕ ਕਰਨ।
ਵਿਦਿਆਰਥੀਆਂ ਨੂੰ ਵਜ਼ੀਫਾ ਤਦੇ ਦਿੱਤਾ ਜਾਵੇਗਾ ਜੇਕਰ ਉਨ੍ਹਾਂ ਨੂੰ ਕੋਈ ਹੋਰ ਵਜ਼ੀਫਾ ਨਾ ਮਿਲਦਾ ਹੋਵੇ।

## ਸੀ.ਐਮ. ਸਕਾਲਰਸ਼ਿਪ

1. ਪੰਜਾਬ ਦੇ ਰਾਜਪਾਲ ਦੇ ਪੱਤਰ ਨੰਬਰ 7/5/2018 ਸਿ.1/6402-6410 ਮਿਤੀ 01.12.2021. ਦੁਆਰਾ ਸੀ. ਐਮ. ਸਕਾਲਰਸ਼ਿਪ ਲਾਗੂ ਕੀਤੀ ਗਈ ਹੈ। ਇਹ ਸਕਾਲਰਸ਼ਿਪ ਸਕੀਮ ਕੇਵਲ ਸਰਕਾਰੀ ਕਾਲਜਾ ਵਿੱਚ ਪੜ੍ਹਣੇ ਵਿਦਿਆਰਥੀਆਂ ਉੱਤੇ ਲਾਗੂ ਹੋਵੇਗੀ ਅਤੇ ਇਸ ਸਕੀਮ ਦੇ ਤਹਿਤ ਯੂਨੀਵਰਸਿਟੀ ਦੁਆਰਾ ਵਿਦਿਆਰਥੀਆਂ ਤੋਂ ਚਾਰਜ ਕੀਤੀ ਜਾਣ ਵਾਲੀ ਯੂਨੀਵਰਸਿਟੀ ਫੀਸ (ਐਗਜ਼ਾਮੀਨੇਸ਼ ਫੀਸ) ਤੋਂ ਕਨਸੈਸ਼ਨ ਦਿੱਤਾ ਜਾਵੇਗਾ।
2. ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਜ਼ੀਫੇ ਦੀ ਰਿਆਇਤ ਕੁਆਲੀਫਾਈਗ ਇਮਤਿਹਾਨ ਵਿੱਚ ਪ੍ਰਾਪਤ ਕੀਤੇ ਅੰਕ ਦੀ ਪ੍ਰਤੀਸ਼ਤਤਾ ਅਨੁਸਾਰ ਹੋਵੇਗੀ। ਇਹ ਰਿਆਇਤ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਵਿਦਿਆਰਥੀ ਆਪਣਾ ਕੋਰਸ ਮੁਕੰਮਲ ਨਹੀਂ ਕਰ ਲਵੇਗਾ ਬਸ਼ਰਤੇ ਕਿ ਫੀਸ ਵਿੱਚ ਦਿੱਤੀ ਜਾਣ ਵਾਲੀ ਰਿਆਇਤ ਦੀ ਪ੍ਰਤੀਸ਼ਤਤਾ ਪਿਛਲੀ ਕਲਾਸ ਵਿੱਚ ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤਤਾ ਅਨੁਸਾਰ ਹੋਵੇਗੀ। ਇਹ ਸਕੀਮ 60% ਫੀਸਦੀ ਤੋਂ ਉਤੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਲਾਗੂ ਹੋਵੇਗੀ।
3. ਵਿਦਿਆਰਥੀਆਂ ਨੂੰ ਵਜ਼ੀਫਾ ਤਦੇ ਦਿੱਤਾ ਜਾਵੇਗਾ ਜੇਕਰ ਉਨ੍ਹਾਂ ਨੂੰ ਕੋਈ ਹੋਰ ਵਜ਼ੀਫਾ ਨਾ ਮਿਲਦਾ ਹੋਵੇ।

## ਹੋਰ ਵਜ਼ੀਫੇ

ਅਨੁਸੂਚਿਤ ਜਾਤੀ ਨਾਲ ਸਬੰਧਤ ਲੜਕੀਆਂ ਨੂੰ ਗ੍ਰਾਂਟ ਘੱਟ ਆਮਦਨ ਵਜ਼ੀਫਾ ਸਕੀਮ, ਵਿਮੁਕਤ ਜਾਤੀਆਂ ਲਈ ਵਜ਼ੀਫਾ ਸਕੀਮ ਦਾ ਲਾਭ ਲੈਣ ਲਈ ਵਿਦਿਆਰਥੀ ਵਜ਼ੀਫਾ ਕਲਰਕ ਨਾਲ ਦਫਤਰ ਵਿੱਚ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਵੈਬਸਾਈਟ punjabscholarship.gov.in ਦਾ ashirwad portal ਜ਼ਰੂਰ ਵੇਖਿਆ ਜਾਵੇ।

## ਪੂਅਰ ਏਡ ਫੰਡ

ਸਵ. ਸ. ਭਗਤ ਸਿੰਘ, (ਸੇਵਾ ਮੁਕਤ ਪ੍ਰਿੰਸੀਪਲ) ਜੀ ਨੇ ਇਸ ਕਾਲਜ ਵਿੱਚ ਬਹੁਤ ਸਾਲ ਸੇਵਾ ਨਿਭਾਈ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਕਾਲਜ ਨੂੰ 5,00,000/- ਰੁਪਏ ਦਾਨ ਕੀਤੇ ਗਏ ਹਨ। ਇਸ ਰਕਮ ਦੀ ਬੈਂਕ ਵਿੱਚ ਐਫ.ਡੀ. ਕਰਵਾ ਦਿੱਤੀ ਗਈ ਹੈ ਜਿਸਦੇ ਵਿਆਜ ਦੀ ਰਕਮ ਗਰੀਬ ਅਤੇ ਲਾਇਕ ਵਿਦਿਆਰਥੀਆਂ ਦੀ ਸਹਾਇਤਾ ਅਤੇ ਇਨਾਮ ਦੇਣ ਲਈ ਵਰਤੀ ਜਾਂਦੀ ਹੈ। ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਉਨ੍ਹਾਂ ਦੇ ਪਰਿਵਾਰ ਦੇ ਸ਼ਲਾਘਾਯੋਗ ਕਦਮ ਲਈ ਧੰਨਵਾਦੀ ਹੈ।

ਗਰੀਬ ਅਤੇ ਲਾਇਕ ਵਿਦਿਆਰਥੀਆਂ ਨੂੰ ਕਾਲਜ ਦੇ ਪੂਅਰ ਏਡ ਫੰਡ ਵਿੱਚੋਂ ਵੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾ ਦੇਣ ਲਈ ਇੱਕ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜੋ ਲਾਇਕ ਅਤੇ ਗਰੀਬ ਵਿਦਿਆਰਥੀਆਂ ਦੀ ਚੋਣ ਕਰੇਗੀ। ਵਿਦਿਆਰਥੀ ਇਸ ਫੰਡ ਵਿੱਚੋਂ ਸਹਾਇਤਾ ਲੈਣ ਲਈ ਅਰਜੀ ਦੇਣਗੇ। ਇਸ ਸਬੰਧ ਵਿੱਚ ਕਾਲਜ ਦੇ ਨੋਟਿਸ ਬੋਰਡ ਤੇ ਸੂਚਨਾ ਦਿੱਤੀ ਜਾਵੇਗੀ।

## ਪੰਜਾਬ ਸੇਵਾਵਾਂ ਅਧਿਕਾਰ ਕਾਨੂੰਨ 2011

ਪੰਜਾਬ ਰਾਈਟ ਟੂ ਸਰਵਿਸ ਐਕਟ ਲਾਗੂ ਕਰਨ ਸਬੰਧੀ ਡਾਇਰੈਕਟਰ ਸਿੱਖਿਆ ਵਿਭਾਗ (ਕਾ) ਪੰਜਾਬ ਦੇ ਪਿੱਠ ਅੰਕਣ ਨੰਬਰ 11/40-2013 ਅ (1) ਮਿਤੀ 28-03-2014 ਅਨੁਸਾਰ ਵਿਦਿਆਰਥੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ:

| Sr. No. | Dept. Name | Name of the Service to be provided by Punjabi University, Patiala | Period |
|---|---|---|---|
| 1. | Govt. Brijindra College, Faridkot | Issuance of Duplicate Certificate | 30 days |
| 2. | Govt. Brijindra College, Faridkot | Issuance of Original Migration Certificate/Detailed Marks Cards/Verification of Documents | 30 days |
| 3. | Govt. Brijindra College, Faridkot | Degrees of successful candidates | By 31 October Every Year |

## ਹੋਸਟਲ

ਕਾਲਜ ਵਿੱਚ ਕੇਵਲ ਲੜਕਿਆਂ ਦਾ ਹੋਸਟਲ ਹੈ ਜਿਸ ਵਿੱਚ ਕੁੱਲ 50 ਸੀਟਾਂ ਹਨ। ਇਸ ਵਿੱਚ ਦਾਖਲਾ ਉਪਲੱਬਧ ਸੀਟਾਂ ਅਨੁਸਾਰ ਲੋੜਵੰਦ ਵਿਦਿਆਰਥੀਆਂ ਦੀ ਮੁਸ਼ਕਿਲ ਨੂੰ ਮੁੱਖ ਰੱਖ ਕੇ ਪ੍ਰਿੰਸੀਪਲ ਦੁਆਰਾ ਇੰਟਰਵਿਊ ਰਾਹੀਂ ਕੀਤਾ ਜਾਂਦਾ ਹੈ। ਹੋਸਟਲ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਮੈਸ ਦੀ ਸਹੂਲਤ ਵੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਲੋੜ ਅਨੁਸਾਰ ਅਖਬਾਰ, ਮੈਗਜ਼ੀਨ ਅਤੇ ਕਾਮਨ ਰੂਮ ਸਥਾਪਿਤ ਹੈ। ਵਿਦਿਆਰਥੀਆਂ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਜਨਰੇਟਰ, ਵਾਟਰ ਕੂਲਰ, ਵਾਟਰ ਪਿਊਰੀਫਾਇਰ, ਗੀਜ਼ਰ ਅਤੇ ਸਬਮਰਸੀਬਲ ਪੰਪ ਵੀ ਲੱਗਾ ਹੋਇਆ ਹੈ। ਇਸ ਹੋਸਟਲ ਵਿੱਚ ਦਾਖਲਾ ਲੈਣ ਦੇ ਹਰ ਚਾਹਵਾਨ ਵਿਦਿਆਰਥੀਆਂ ਲਈ ਹੋਸਟਲ ਵਿੱਚ ਇੱਕ ਨਿਸ਼ਚਿਤ ਫਾਰਮ ਭਰਨਾ ਜਰੂਰੀ ਹੈ। ਹੋਸਟਲ ਫੰਡ ਅਤੇ ਕਿਰਾਇਆ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਸੂਲਿਆ ਜਾਵੇਗਾ।

**ਹੋਸਟਲ ਫੀਸਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–**

1. ਹੋਸਟਲ ਸਕਿਉਰਟੀ ਰੁਪਏ 500/- (ਕੇਵਲ ਪਹਿਲੇ ਸਾਲ) ਮੋੜਨਯੋਗ
2. ਹੋਸਟਲ ਦਾ ਕਿਰਾਇਆ ਰੁਪਏ 5700/- (ਸਾਲਾਨਾ) ਪ੍ਰਤੀ ਵਿਦਿਆਰਥੀ
3. ਬਿਜਲੀ ਅਤੇ ਜਨਰੇਟਰ ਫੰਡ –ਰੁਪਏ 5000/- (ਸਾਲਾਨਾ) ਪ੍ਰਤੀ ਵਿਦਿਆਰਥੀ
4. ਮੈਸ ਸਕਿਉਰਟੀ –ਰੁਪਏ 3000/- (ਮੋੜਨਯੋਗ) ਪ੍ਰਤੀ ਵਿਦਿਆਰਥੀ
5. ਕੂਲਰ ਦਾ ਖਰਚਾ 1000/- ਸਾਲਾਨਾ (ਜੇ ਕਿਸੇ ਵਿਦਿਆਰਥੀ ਨੇ ਲਗਾਉਣਾ ਹੈ ਤਾਂ) ਪ੍ਰਤੀ ਵਿਦਿਆਰਥੀ

**ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਘੱਟੋ ਘੱਟ 3000/- ਪ੍ਰਤੀ ਮਹੀਨਾ ਮੈਸ ਦੇ ਖਾਣੇ ਦਾ ਬਿੱਲ ਦੇਣਾ ਹੋਵੇਗਾ। ਬਾਹਰੋਂ ਖਾਣਾ ਖਾਣ ਦੀ ਆਗਿਆ ਨਹੀਂ ਹੈ।**

# ਲੜਕਿਆਂ ਦੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ

1. ਹੋਸਟਲ ਵਿੱਚ ਦਾਖਲੇ ਲਈ ਫਾਰਮ, ਕਾਲਜ ਵਿੱਚ ਦਾਖਲਾ ਲੈਣ ਤੋਂ ਤੁਰੰਤ ਬਾਅਦ ਸ. ਸ਼ਮਸ਼ੇਰ ਸਿੰਘ (ਹੋਸਟਲ ਕਨਵੀਨਰ) ਕੋਲ ਜਮ੍ਹਾਂ ਕਰਵਾਉਣਾ ਜਰੂਰੀ ਹੈ।
2. ਹੋਸਟਲ ਦਾਖਲੇ ਸਮੇਂ ਮਾਤਾ/ਪਿਤਾ ਸਰਪ੍ਰਸਤ ਦਾ ਨਾਲ ਆਉਣਾ ਜਰੂਰੀ ਹੈ।
3. ਹੋਸਟਲ ਵਾਰਡਨ ਦੀ ਲਿਖਤੀ ਆਗਿਆ ਤੋਂ ਬਿਨਾਂ ਕਿਸੇ ਮਹਿਮਾਨ ਜਾਂ ਕੋਈ ਹੋਰ ਵਿਦਿਆਰਥੀ ਨੂੰ ਹੋਸਟਲ ਵਿੱਚ ਠਹਿਰਨ ਦੀ ਆਗਿਆ ਨਹੀਂ ਹੈ।
4. ਹੋਸਟਲ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ। ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕੜੀ ਕਾਨੂੰਨੀ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਸ ਨੂੰ ਕਾਲਜ ਅਤੇ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।
5. ਹੋਸਟਲ ਵਿੱਚ ਨਸ਼ੀਲੀਆਂ ਵਸਤੂਆਂ ਦੇ ਸੇਵਨ ਦੀ ਸਖਤ ਮਨਾਹੀ ਹੈ। ਜੇਕਰ ਕਾਲਜ ਦੇ ਵਿਦਿਆਰਥੀ ਨਸ਼ੀਲੀਆਂ ਵਸਤੂਆਂ ਦੇ ਸੇਵਨ ਕਰਨ ਵਾਲੇ ਕਿਸੇ ਵਿਅਕਤੀ ਨਾਲ ਸੰਬੰਧ ਰੱਖਦੇ ਹਨ ਜਾਂ ਉਨ੍ਹਾਂ ਨੂੰ ਕਾਲਜ ਵਿੱਚ ਬੁਲਾਉਂਦੇ ਹਨ, ਤਾਂ ਇਸ ਸੂਰਤ ਵਿੱਚ ਉਸ ਨੂੰ ਤੁਰੰਤ ਕਾਲਜ ਅਨੁਸ਼ਾਸਨ ਭੰਗ ਕਰਨ ਕਾਰਨ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ।
6. ਜੇ ਵਿਦਿਆਰਥੀ ਨਿਯਤ ਸਮੇਂ ਤੇ ਹੋਸਟਲ ਦੀ ਫੀਸ ਨਹੀਂ ਦੇਣਗੇ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇਗਾ।
7. ਹੋਸਟਲ ਦੇ ਵਿਦਿਆਰਥੀ ਆਪਣਾ ਮੈਸ ਵਿਦਿਆਰਥੀਆਂ ਦੁਆਰਾ ਚੁਣੀ ਹੋਈ ਕਮੇਟੀ ਦੁਆਰਾ ਹੋਸਟਲ ਵਾਰਡਨ ਦੀ ਨਿਗਰਾਨੀ ਹੇਠ ਨਾ ਲਾਭ ਨਾ ਹਾਨੀ ਨਿਯਮਾਂ ਅਨੁਸਾਰ ਚਲਾ ਸਕਦੇ ਹਨ ਅਤੇ ਹੋਸਟਲ ਦੇ ਸਾਰੇ ਵਿਦਿਆਰਥੀਆਂ ਲਈ ਮੈਸ ਦਾ ਮੈਂਬਰ ਬਣਨਾ ਲਾਜ਼ਮੀ ਹੈ।
8. ਹਰ ਵਿਦਿਆਰਥੀ ਲਈ ਮੈਸ ਬਿੱਲ ਦੀ ਅਦਾਇਗੀ ਹਰ ਮਹੀਨੇ ਦੀ 7 ਤਰੀਕ ਤੱਕ ਕਰਨੀ ਲਾਜ਼ਮੀ ਹੈ। ਜੇਕਰ ਕੋਈ ਵਿਦਿਆਰਥੀ ਨਿਯਤ ਸਮੇਂ ਤੇ ਬਿੱਲ ਦੀ ਅਦਾਇਗੀ ਨਹੀਂ ਕਰਦਾ ਤਾਂ ਉਨ੍ਹਾਂ ਨੂੰ 100/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ।
9. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਮੇਂ-ਸਿਰ ਬਣਾਏ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।
10. ਹੋਸਟਲ ਵਿੱਚ ਕਿਸੇ ਕਿਸਮ ਦਾ ਹਥਿਆਰ ਜਾਂ ਨੁਕਸਾਨਦੇਹ ਸਮੱਗਰੀ ਰੱਖਣ ਦੀ ਸਖਤ ਮਨਾਹੀ ਹੈ।
11. ਹੋਸਟਲ ਦੇ ਕਮਰੇ ਵਿੱਚ ਹੀਟਰ ਤੇ ਪ੍ਰੈਸ ਲਗਾਉਣਾ ਸਖਤ ਮਨ੍ਹਾ ਹੈ। ਉਲੰਘਣਾ ਕਰਨ ਵਾਲੇ ਨੂੰ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ।
12. ਹੋਸਟਲ ਦੇ ਹਰ ਕਮਰੇ ਨੂੰ ਲਗਾਏ ਤਾਲੇ ਦੀ ਚਾਬੀ ਹੋਸਟਲ ਵਾਰਡਨ ਕੋਲ ਹੋਵੇਗੀ ਤਾਂ ਜੋ ਵਿਦਿਆਰਥੀ ਦੀ ਆਪਣੀ ਚਾਬੀ ਗੁੰਮਣ ਤੇ ਜਿੰਦਰੇ ਅਤੇ ਦਰਵਾਜ਼ੇ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ।
13. ਬਿਜਲੀ ਦੀ ਦੁਰਵਰਤੋਂ ਦੀ ਸਖਤ ਮਨਾਹੀ ਹੈ।
14. ਕਾਲਜ ਹੋਸਟਲ ਵਿੱਚ ਮਿਲਣ ਦਾ ਸਮਾਂ ਸ਼ਾਮ 4.00 ਵਜੇ ਤੋਂ 5.00 ਵਜੇ ਤੱਕ ਹੈ।
15. ਕਾਲਜ ਹੋਸਟਲ ਤੋਂ ਬਾਹਰ ਜਾਣ ਵੇਲੇ ਵਿਦਿਆਰਥੀ, ਹੋਸਟਲ ਦਫਤਰ ਵਿੱਚ ਰੱਖੇ ਰਜਿਸਟਰ ਵਿੱਚ ਆਪਣਾ ਪਤਾ ਦਰਜ ਕਰਕੇ ਜਾਣਗੇ ਅਤੇ ਵਾਪਸੀ ਤੇ ਹਾਜ਼ਰੀ ਲਗਾਉਣਗੇ।
16. ਵਿਦਿਆਰਥੀਆਂ ਲਈ ਮੈੱਸ security ਅਤੇ Hostel security ਦੀ ਫੀਸ ਜਮਾਂ ਕਰਵਾਉਣ ਉਪਰੰਤ ਹੀ ਕਮਰਾ ਅਲਾਟ ਕੀਤਾ ਜਾਵੇਗਾ।
17. ਸ਼ਾਮ 8.00 ਵਜੇ ਤੋਂ ਪਿਛੋਂ ਹੋਸਟਲ ਅੰਦਰ ਪ੍ਰਵੇਸ਼ ਬੰਦ ਹੈ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਲਗਾਈ ਜਾਵੇਗੀ।
18. ਸਥਾਨਕ ਜਾਂ 16 ਕਿਲੋਮੀਟਰ ਦੇ ਘੇਰੇ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਸੁਵਿਧਾ ਤੋਂ ਇਨਕਾਰ ਕੀਤਾ ਜਾ ਸਕਤਾ ਹੈ।
19. ਕਾਲਜ ਹੋਸਟਲ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਜਾਵੇਗਾ ਅਤੇ ਅਗਲੇ ਸਾਲ ਵੀ ਹੋਸਟਲ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
20. ਹੋਸਟਲ ਫੀਸ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਸਿਰ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਲਈ ਜਾਵੇਗੀ।
21. ਹੋਸਟਲ ਵਿੱਚ ਕਿਸੇ ਸ਼ਿਕਾਇਤ ਦੀ ਸੂਰਤ ਵਿੱਚ, ਸ਼ਿਕਾਇਤ ਰਜਿਸਟਰ ਵਿੱਚ ਦਰਜ ਕਰਨ ਦੀ ਸੁਵਿਧਾ ਹੈ। ਇਹ ਰਜਿਸਟਰ ਚੌਂਕੀਦਾਰ ਪਾਸ ਮੌਜੂਦ ਹੋਵੇਗਾ।
22. ਵਿਦਿਆਰਥੀਆਂ ਨੂੰ ਹੋਸਟਲ ਵਿੱਚ ਕਿਸੇ ਵੀ ਤਰ੍ਹਾਂ ਦਾ ਵਹੀਕਲ ਲਿਆਉਣ ਦੀ ਆਗਿਆ ਨਹੀਂ ਹੈ।

# ਗੁਰੂ ਨਾਨਕ ਦੇਵ ਲਾਇਬਰੇਰੀ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬਰੇਰੀ ਹੈ ਜੋ ਕਿ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਹੈ।

ਲਾਇਬਰੇਰੀ ਸਬੰਧੀ ਨਿਯਮ ਇਸ ਪ੍ਰਕਾਰ ਹਨ:-

1. ਹੇਠ ਲਿਖੀ ਗਿਣਤੀ ਅਨੁਸਾਰ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿਚੋਂ ਕਿਤਾਬਾਂ ਜਾਰੀ ਹੋਣਗੀਆਂ:-
   ੳ) ਡਿਗਰੀ ਕਲਾਸਾਂ ਦੇ ਵਿਦਿਆਰਥੀ 3
   ਅ) ਐਮ.ਏ.ਦੇ ਵਿਦਿਆਰਥੀ 6
2. ਇਕ ਪੁਸਤਕ 15 ਦਿਨਾਂ ਲਈ ਜਾਰੀ ਕੀਤੀ ਜਾਵੇਗੀ। ਇਸ ਤੋਂ ਵੱਧ ਦਿਨ ਰੱਖੀ ਪੁਸਤਕ ਲਈ 50 ਪੈਸੇ ਪ੍ਰਤੀ ਦਿਨ ਜੁਰਮਾਨਾ ਕੀਤਾ ਜਾਵੇਗਾ।
3. ਵਿਦਿਆਰਥੀਆਂ ਵੱਲੋਂ ਲਾਇਬਰੇਰੀ ਕਿਤਾਬਾਂ ਗੁੰਮ ਹੋ ਜਾਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ। ਕਿਤਾਬ ਦੇ ਕਿਸੇ ਇੱਕ ਸੈਟ ਜਾਂ ਲੜੀ ਵਿੱਚ ਗੁਆਚੀ ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ। ਇਸ ਸਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।
4. ਲਾਇਬਰੇਰੀ ਖੁੱਲ੍ਹਣ ਦਾ ਸਮਾਂ, ਕਾਲਜ ਖੁੱਲ੍ਹਣ ਦੇ ਸਮੇਂ ਅਨੁਸਾਰ ਹੀ ਹੋਵੇਗਾ।
5. ਲਾਇਬਰੇਰੀ ਦੀ ਅਧਿਐਨਸ਼ਾਲਾ ਵਿੱਚ ਚੁੱਪ ਦੀ ਮਰਿਆਦਾ ਕਾਇਮ ਰੱਖਣੀ ਅਤੀ ਜਰੂਰੀ ਹੈ। ਮਰਿਆਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਲਾਇਬਰੇਰੀਅਨ , ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕਰ ਸਕਦਾ ਹੈ।
6. ਵਿਦਿਆਰਥੀਆਂ ਨੂੰ ਸਾਲਾਨਾ/ਸਮੈਸਟਰ ਯੂਨੀਵਰਸਿਟੀ ਇਮਤਿਹਾਨ ਦੇ ਰੋਲ ਨੰਬਰ ਦੇਣ ਸਮੇਂ ਲਾਇਬਰੇਰੀ ਦੀਆਂ ਪੁਸਤਕਾਂ ਵਾਪਸ ਕਰਨੀਆਂ ਹੋਣਗੀਆਂ।
7. ਲਾਇਬਰੇਰੀ ਤੋਂ 'ਨੋ ਡਿਊਜ਼ ਲੈਣ ਸਮੇਂ ਲਾਇਬਰੇਰੀ ਸ਼ਨਾਖਤੀ ਕਾਰਡ ਰੱਦ ਕਰ ਦਿੱਤਾ ਜਾਵੇਗਾ, ਪਰ ਵਿਦਿਆਰਥੀਆਂ ਲਈ ਜਰੂਰੀ ਹੈ ਕਿ ਉਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ। ਕਿਉਂਕਿ ਇਸ ਕਾਰਡ ਤੋਂ ਬਿਨਾਂ ਕਾਲਜ ਮੈਗਜ਼ੀਨ, ਲਾਇਬਰੇਰੀ ਸਕਿਉਰਟੀ ਅਤੇ ਯੂਨੀਵਰਸਿਟੀ ਦੇ ਡਿਟੇਲ ਮਾਰਕਸ ਕਾਰਡ ਆਦਿ ਨਹੀਂ ਦਿੱਤੇ ਜਾਣਗੇ।
8. ਲਾਇਬਰੇਰੀ ਬੁੱਕ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਡੁਪਲੀਕੇਟ ਕਾਰਡ ਬਣਾਉਣ ਵਾਸਤੇ 20/- ਰੁਪੈ ਦੀ ਫੀਸ ਦੇਣੀ ਪਵੇਗੀ।
9. ਕਾਲਜ ਲਾਇਬਰੇਰੀ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਕਾਮਰਸ, ਖੇਤੀਬਾੜੀ ਅਤੇ ਹੋਰ ਵਿਸ਼ਿਆਂ ਨਾਲ ਸੰਬੰਧਿਤ ਰਸਾਲੇ/ਮੈਗਜ਼ੀਨ ਉਪਬੱਬਧ ਹਨ। ਕੋਈ ਵੀ ਰਸਾਲਾ/ਮੈਗਜ਼ੀਨ ਵਿਦਿਆਰਥੀ ਨੂੰ ਜਾਰੀ ਨਹੀਂ ਕੀਤਾ ਜਾਵੇਗਾ।

# ਸ਼੍ਰੀ ਹੰਸ ਰਾਜ ਮੈਮੋਰੀਅਲ 'ਈ' ਲਾਇਬਰੇਰੀ

ਕਾਲਜ ਵਿੱਚ ਸ਼੍ਰੀ ਹੰਸ ਰਾਜ ਜੈਨ ਮੈਮੋਰੀਅਲ 'ਈ' ਲਾਇਬਰੇਰੀ ਸਥਾਪਤ ਕੀਤੀ ਗਈ ਹੈ। ਸ਼੍ਰੀ ਹੰਸ ਰਾਜ ਜੈਨ ਕਾਲਜ ਦੇ ਪਹਿਲੇ ਲਾਇਬਰੇਰੀਅਨ ਸਨ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਸਪੁੱਤਰ ਡਾ. ਸੁਸ਼ੀਲ ਜੈਨ (ਡਾਇਰੈਕਟਰ/ਪ੍ਰਧਾਨ ਸਾਊਥ ਏਸ਼ੀਅਨ ਸੈਂਟਰ ਵਿੰਡਸਰ ਆਨਟਾਰੀਓ ਕੈਨੇਡਾ) ਜੀ ਨੇ 5,00,000/- ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ ਹੈ। ਵਿਦਿਆਰਥੀ ਇਸ ਲਾਇਬਰੇਰੀ ਵਿੱਚ ਇੰਟਰਨੈੱਟ ਤੋਂ ਕਿਤਾਬਾਂ ਡਾਊਨਲੋਡ ਕਰਕੇ ਪੜ੍ਹ ਸਕਦੇ ਹਨ। ਇਸ ਲਾਇਬਰੇਰੀ ਦੀ ਸਹੂਲਤ ਲੈਣ ਲਈ ਵਿਦਿਆਰਥੀਆਂ ਦਾ ਵੱਖਰਾ ਈ-ਲਾਇਬਰੇਰੀ ਕਾਰਡ ਬਣੇਗਾ।

ਇਸ ਵਿੱਚ ਹੇਠ ਲਿਖੀਆਂ ਸਹੂਲਤਾਂ ਉਪਲੱਬਧ ਹਨ:-

**1. NPTEL**
**2. e-Granthalaya**
**3. e-PG Pathshala**
**4. MIT**
**5. Project Gutenberg**
**6. Universal Digital Library**
**7. INFLIBNET-N-LIST membership**

# ਸ਼ਨਾਖਤੀ ਕਾਰਡ

1. ਸ਼ਨਾਖਤੀ ਕਾਰਡ ਹਰ ਰੋਜ਼ ਕਾਲਜ ਲਿਆਉਣਾ ਅਤੇ ਮੰਗਣ ਤੇ ਵਿਖਾਉਣਾ ਜਰੂਰੀ ਹੈ। ਜੇਕਰ ਕੋਈ ਵੀ ਵਿਦਿਆਰਥੀ ਬਿਨ੍ਹਾਂ ਸ਼ਨਾਖਤੀ ਕਾਰਡ ਤੋਂ ਜਾਂ ਅਧੂਰੇ ਸ਼ਨਾਖਤੀ ਕਾਰਡ ਨਾਲ ਪਕੜਿਆ ਜਾਂਦਾ ਹੈ ਤਾਂ ਉਸਨੂੰ ਜੁਰਮਾਨਾ ਕੀਤਾ ਜਾਵੇਗਾ।
2. ਸ਼ਨਾਖਤੀ ਕਾਰਡ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਪੁਲਿਸ ਥਾਣੇ ਵਿੱਚ ਐਫ.ਆਈ.ਆਰ. ਦਰਜ ਕਰਵਾਉਣੀ ਹੋਵੇਗੀ ਅਤੇ ਪ੍ਰਿੰਸੀਪਲ ਦੀ ਆਗਿਆ ਨਾਲ ਨਿਰਧਾਰਤ ਫੀਸ ਭਰਨ ਉਪਰੰਤ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।
3. ਵਿਦਿਆਰਥੀ ਆਪਣਾ ਸ਼ਨਾਖਤੀ ਕਾਰਡ ਸੰਭਾਲ ਕੇ ਰੱਖਣ ਅਤੇ ਹੇਠ ਲਿਖੇ ਕੰਮਾਂ ਲਈ ਲੋੜ ਪੈਣ ਤੇ ਦਿਖਾਉਣ:-
   ੳ) ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦੇ ਸਬੂਤ ਵਜੋਂ
   ਅ) ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ ਇੰਚਾਰਜ ਪ੍ਰੋਫੈਸਰ ਨੂੰ ਦਿਖਾਉਣ ਲਈ
   ੲ) ਲਾਇਬਰੇਰੀ ਕਾਰਡ ਬਣਾਉਣ ਸਮੇਂ
   ਸ) ਬੱਸ ਪਾਸ ਬਣਾਉਣ ਲਈ ਫਾਰਮ ਤਸਦੀਕ ਕਰਾਉਣ ਸਬੰਧੀ
   ਹ) ਲਾਇਬਰੇਰੀ ਸਕਿਉਰਟੀ ਵਾਪਸ ਲੈਣ ਸਮੇਂ
   ਕ) ਕਾਲਜ ਮੈਗਜ਼ੀਨ ਪ੍ਰਾਪਤ ਕਰਨ ਸਮੇਂ
   ਖ) ਦਫ਼ਤਰੀ ਕੰਮ ਲਈ ਪਹਿਚਾਣ ਵਜੋਂ
   ਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸਮੈਸਟਰ ਪ੍ਰੀਖਿਆਵਾਂ ਅਤੇ ਕਾਲਜ ਦੀਆਂ ਘਰੇਲੂ ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰ ਵਿੱਚ ਆਪਣੀ ਪਹਿਚਾਣ ਦੀ ਪੁਸ਼ਟੀ ਲਈ।

# ਟਿਊਟੋਰੀਅਲ ਗਰੁੱਪ ਪ੍ਰਣਾਲੀ

1. ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵ-ਪੱਖੀ ਉੱਨਤੀ ਦਾ ਧਿਆਨ ਰੱਖਦਾ ਹੈ।
2. ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
3. ਹਰ ਵਿਦਿਆਰਥੀ ਲਈ ਸਮੇਂ -ਸਮੇਂ ਸਿਰ ਹੋਣ ਵਾਲੀਆਂ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜਰੂਰੀ ਹੈ। ਗੈਰ-ਹਾਜ਼ਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
4. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਣ।
5. ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆ ਦਾ ਰਿਕਾਰਡ ਰੱਖੇਗਾ। ਉਹ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਨ੍ਹਾਂ ਦੀ ਵਿਦਿਅਕ ਉੱਨਤੀ ਰਿਪੋਰਟ ਤੇ ਟਿੱਪਣੀ ਵੀ ਕਰੇਗਾ।

# ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਇਸ ਪ੍ਰਣਾਲੀ ਤਹਿਤ ਪ੍ਰੋਫੈਸਰ ਸਾਹਿਬਾਨ ਵੱਖ-ਵੱਖ ਪੀਰੀਅਡਾਂ ਦੌਰਾਨ ਵਿਦਿਆਰਥੀਆਂ ਦੇ ਸ਼ਨਾਖਤੀ ਕਾਰਡ ਚੈਕ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਸਮੇਂ ਸਿਰ ਲਗਾਉਣ ਲਈ ਅਤੇ ਆਪਣੇ ਖਾਲੀ ਸਮੇਂ ਦਾ ਸਦ-ਉਪਯੋਗ ਕਰਨ ਲਈ ਪ੍ਰੇਰਿਤ ਕਰਦੇ ਹਨ।

# ਐਨ.ਐਸ.ਐਸ. (ਰਾਸ਼ਟਰੀ ਸੇਵਾ ਯੋਜਨਾ)

ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵ-ਪੱਖੀ ਵਿਕਾਸ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦਾ ਵਿਭਾਗ ਸਥਾਪਿਤ ਕੀਤਾ ਹੋਇਆ ਹੈ ਜੋ ਉਨ੍ਹਾਂ ਵਿੱਚ ਨਿਮਰਤਾ, ਹਿੰਮਤ, ਸੇਵਾ ਲਗਨ ਅਤੇ ਸਹਿਯੋਗ ਜਿਹੇ ਮਾਨਵੀ ਗੁਣਾਂ ਦਾ ਨਿਰਮਾਣ ਕਰਕੇ ਸਮਾਜਿਕ ਬੁਰਾਈਆਂ ਵਿਰੁੱਧ ਚੇਤਨਤਾ ਪੈਦਾ ਕਰਦਾ ਹੈ ਅਤੇ ਆਦਰਸ਼ ਨਾਗਰਿਕ ਬਨਣ ਦੀ ਪ੍ਰੇਰਨਾ ਦਿੰਦਾ ਹੈ। ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ ਪੰਜ ਯੂਨਿਟ ਹਨ (3 ਯੂਨਿਟ ਲੜਕਿਆਂ ਦੇ ਅਤੇ 2 ਲੜਕੀਆਂ) ਹਰ ਯੂਨਿਟ ਵਿੱਚ ਵਿਦਿਆਰਥੀਆਂ ਦੀ ਗਿਣਤੀ 100 ਹੈ।

## ਐਨ.ਸੀ.ਸੀ. (ਰਾਸ਼ਟਰੀ ਕੈਡਿਟ ਕੋਰ)

ਕਾਲਜ ਵਿੱਚ ਲੜਕਿਆਂ ਲਈ ਐਨ.ਸੀ.ਸੀ. ਹੈ। ਇਨ੍ਹਾਂ ਨੂੰ ਬੀ.ਅਤੇ ਸੀ. ਸਰਟੀਫਿਕੇਟ ਦਾ ਇਮਤਿਹਾਨ ਦਿਵਾਇਆ ਜਾਂਦਾ ਹੈ। ਇਹ ਸਰਟੀਫਿਕੇਟ ਪਾਸ ਵਿਦਿਆਰਥੀਆਂ ਨੂੰ ਅੱਗੇ ਹੋਰ ਉਚੇਰੀ ਪੜ੍ਹਾਈ ਅਤੇ ਨੌਕਰੀ ਪ੍ਰਾਪਤ ਕਰਨ ਵਿੱਚ ਪਹਿਲ ਮਿਲਦੀ ਹੈ। ਸਰਟੀਫਿਕੇਟ ਪ੍ਰਾਪਤ ਵਿਦਿਆਰਥੀਆਂ ਨੂੰ ਫੌਜ ਵਿੱਚ ਭਰਤੀ ਹੋਣ ਸਮੇਂ ਪ੍ਰਵੇਸ਼ ਪ੍ਰੀਖਿਆ ਪਾਸ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਸੋਲਜਰ ਅਤੇ ਜਨਰਲ ਅਤੇ ਟੈਕਨੀਕਲ ਸ਼੍ਰੇਣੀਆਂ ਵਿੱਚੋਂ ਭਰਤੀ ਹੋਣ ਸਮੇਂ ਬੋਨਸ ਅੰਕ ਦਿੱਤੇ ਜਾਣ ਦੀ ਵਿਵਸਥਾ ਹੈ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਕਾਲਜ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਬਠਿੰਡਾ-ਫਰੀਦਕੋਟ ਜ਼ੋਨ) ਦਾ ਇੱਕ ਯੂਨਿਟ ਕੰਮ ਕਰ ਰਿਹਾ ਹੈ ਜੋ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਜੀਵਨ ਜਾਂਚ ਸਿਖਾਉਣ ਲਈ ਸਮੇਂ-ਸਮੇਂ ਤੇ ਕੰਧ ਪ੍ਰਤਿਕਾ ਅਤੇ ਸੈਮੀਨਾਰ/ਲੈਕਚਰ ਲਗਾਉਂਦੇ ਹਨ।

## ਰੈੱਡ ਕਰਾਸ ਯੂਨਿਟ

ਕਾਲਜ ਵਿੱਚ ਇੱਕ ਰੈਡ-ਕਰਾਸ ਯੂਨਿਟ ਸਥਾਪਿਤ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਸਮਾਜ ਤੇ ਕੌਮੀ ਸੇਵਾ ਦੀ ਲਗਨ ਤੇ ਮਹਾਨਤਾ ਨਾਲ ਸਬੰਧਿਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ ਅਤੇ ਆਪਣੀ ਸ਼ਖਸੀਅਤ ਦੇ ਨਿਖਾਰ ਤੇ ਵਿਕਾਸ ਲਈ ਵੀ ਅਵਸਰ ਮਿਲਦੇ ਹਨ।

## ਪੀ.ਟੀ.ਏ.

ਕਾਲਜ ਵਿੱਚ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਮਾਪੇ ਅਧਿਆਪਕ ਐਸੋਸੀਏਸ਼ਨ (ਪੀ.ਟੀ.ਏ.) ਕੰਮ ਕਰ ਰਹੀ ਹੈ। ਜਿਸ ਲਈ ਅਧਿਆਪਕ ਵਿਦਿਆਰਥੀ ਅਤੇ ਮਾਪੇ ਮਿਲ ਕੇ ਫੰਡ ਜਮ੍ਹਾਂ ਕਰਦੇ ਹਨ। ਇਹ ਫੰਡ ਵਿਦਿਆਰਥੀਆਂ ਦੀ ਭਲਾਈ ਅਤੇ ਸੰਸਥਾ ਦੀ ਬੇਹਤਰੀ ਲਈ ਵਰਤਿਆ ਜਾਂਦਾ ਹੈ। ਪੀ.ਟੀ.ਏ. ਕਾਲਜ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਿਚ ਯਤਨਸ਼ੀਲ ਹੈ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS)

ਕਾਲਜ ਵਿੱਚ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ ਕਾਰਜਸ਼ੀਲ ਹੈ। ਜਿਸਦੇ ਸਹਿਯੋਗ ਨਾਲ ਐਮ.ਐਸ.ਸੀ. (ਕੈਮਿਸਟਰੀ), ਐਮ.ਏ. (ਅੰਗਰੇਜ਼ੀ) ਅਤੇ ਬੀ.ਸੀ.ਏ. ਕੋਰਸ ਨੂੰ ਸਫਲਤਾ ਪੂਰਵਕ ਚਲਾਇਆ ਜਾ ਰਿਹਾ ਹੈ। ਇਸਤੋ. ਇਲਾਵਾ ਇਸ ਵਿੱਚ ਤਿੰਨ ਹੋਰ ਨਵੇਂ ਕੋਰਸ ਸ਼ਾਮਲ ਕੀਤੇ ਗਏ ਹਨ।

## ਬ੍ਰਿਜਿੰਦਰ ਅਲੂਮਿਨੀ ਲੈਕਚਰਾਰਜ਼ ਐਸੋਸੀਏਸ਼ਨ (BALA)

ਕਾਲਜ ਦੇ ਸੇਵਾ ਮੁਕਤ ਹੋਏ ਪ੍ਰੋਫੈਸਰ ਅਤੇ ਪ੍ਰਿੰਸੀਪਲ ਸਾਹਿਬਾਨ ਨੇ BALA ਨਾਮ ਦੀ ਸੰਸਥਾ ਦਾ ਗਠਨ ਕੀਤਾ ਹੈ। ਇਸ ਦੇ ਮੈਂਬਰਾਂ ਦੇ ਤਜਰਬੇ ਤੋਂ ਕਾਲਜ ਭਰਪੂਰ ਲਾਭ ਉਠਾ ਰਿਹਾ ਹੈ। ਇਹ ਸੰਸਥਾ ਕਾਲਜ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹੈ।

## ਓਲਡ ਸਟੂਡੈਂਟ ਐਸੋਸੀਏਸ਼ਨ (OSA)

ਇਹ ਐਸੋਸੀਏਸ਼ਨ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀ ਜੋ ਵਿੱਦਿਅਕ, ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਕਰਦੇ ਹਨ, ਨੂੰ ਵਿਤੀ ਸਹਾਇਤਾ ਤੇ ਸਨਮਾਨ ਪ੍ਰਦਾਨ ਕਰਦੀ ਹੈ। ਕਾਲਜ ਦੇ ਸਰਬਪੱਖੀ ਵਿਕਾਸ ਵਿੱਚ ਇਸ ਸੰਸਥਾ ਦਾ ਅਹਿਮ ਯੋਗਦਾਨ ਹੈ।

## ਬ੍ਰਿਜਿੰਦਰ ਸੱਭਿਆਚਰਕ ਸੁਸਾਇਟੀ

ਕਾਲਜ ਵਿੱਚ ਸਭਿਆਚਾਰ ਅਤੇ ਸਾਹਿਤਕ ਗਤੀਵਿਧੀਆਂ ਲਈ ਬ੍ਰਿਜਿੰਦਰ ਸਭਿਆਚਾਰਕ ਮੰਚ ਦੀ ਸਥਾਪਨਾ ਕੀਤੀ ਗਈ ਹੈ। ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਹੋਣ ਵਾਲੇ ਸਾਰੇ ਸਮਾਗਮ ਇਸ ਮੰਚ ਦੇ ਬੈਨਰ ਹੇਠ ਕੀਤੇ ਜਾਣਗੇ।

# ਕਾਲਜ ਮੈਗਜ਼ੀਨ 'ਬ੍ਰਿਜਿੰਦਰ'

ਕਾਲਜ ਮੈਗਜ਼ੀਨ 'ਬ੍ਰਿਜਿੰਦਰ' ਦੇ ਪੰਜਾਬੀ, ਹਿੰਦੀ, ਅੰਗਰੇਜ਼ੀ, ਸਾਇੰਸ, ਕਾਮਰਸ, ਖੇਤੀਬਾੜੀ ਅਤੇ ਸੋਸ਼ਲ ਸਾਇੰਸਿਜ਼ ਦੇ ਵਿਭਿੰਨ ਵਿਭਾਗ ਹਨ ਜਿਨ੍ਹਾਂ ਦੇ ਅਧਿਆਪਕ ਸੰਪਾਦਕਾਂ ਦੀ ਸੂਚੀ ਵੱਖਰੀ ਦਿੱਤੀ ਗਈ ਹੈ। ਵਿਦਿਆਰਥੀ ਸੰਪਾਦਕ ਯੋਗਤਾ ਦੇ ਆਧਾਰ ਤੇ ਨਿਯੁਕਤ ਕੀਤੇ ਜਾਂਦੇ ਹਨ। ਜਿਸਦਾ ਨਿਰਣਾ ਵਿਦਿਆਰਥੀਆਂ ਵੱਲੋਂ ਆਪਣੇ ਕੋਰਸ 'ਚ ਲਏ ਗਏ ਵਿਸ਼ਿਆਂ, ਉਸ ਦੀਆਂ ਪ੍ਰਕਾਸ਼ਿਤ ਰਚਨਾਵਾਂ ਅਤੇ ਲਿਖਤੀ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ।

# ਬੈਂਕ ਸਹੂਲਤ

ਵਿਦਿਆਰਥੀਆਂ ਨੂੰ ਬੱਚਤ ਦੀ ਆਦਤ ਪਾਉਣ ਲਈ ਅਤੇ ਸਟਾਫ਼ ਤੇ ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਪੰਜਾਬ ਐਂਡ ਸਿੰਧ ਬੈਂਕ ਦੀ ਸ਼ਾਖਾ ਕੰਮ ਕਰਦੀ ਹੈ ਜੋ ਕਾਲਜ ਹੋਸਟਲ ਦੇ ਨਾਲ ਚਹਿਲ ਰੋਡ ਤੇ ਸਥਿਤ ਹੈ।

# ਬੱਸ ਪਾਸ ਸਬੰਧੀ ਨਿਯਮ

1. ਬੱਸ ਪਾਸ ਜਾਰੀ ਕਰਨ ਲਈ ਵਿਦਿਆਰਥੀਆਂ ਦੀਆਂ ਅਰਜੀਆਂ ਦੀ ਸਿਫਾਰਸ਼ ਹਰ ਮਹੀਨੇ ਦੀ 25 ਤਾਰੀਖ ਤੱਕ ਹੀ ਕੀਤੀ ਜਾਵੇਗੀ ਅਤੇ ਪੀ.ਆਰ.ਟੀ.ਸੀ. ਵੱਲੋਂ ਇਹ ਪਾਸ ਅਗਲੇ ਮਹੀਨੇ ਦੀ 5 ਜਾਂ 7 ਤਾਰੀਖ ਨੂੰ ਜਾਰੀ ਕੀਤੇ ਜਾਣਗੇ। 7 ਤਾਰੀਖ ਤੋਂ ਬਾਅਦ ਕੋਈ ਵੀ ਪਾਸ ਜਾਰੀ ਨਹੀਂ ਕੀਤਾ ਜਾਵੇਗਾ। ਪਹਿਲਾਂ ਤੋਂ ਨਿਰਧਾਰਿਤ ਛੁੱਟੀਆਂ ਆਦਿ ਦੇ ਦਿਨਾਂ ਦੌਰਾਨ ਟੁੱਟਵੇਂ ਪਾਸ ਬਣਵਾਉਣ ਦੀ ਕੋਈ ਵੀ ਸਿਫਾਰਿਸ਼ ਨਹੀਂ ਕੀਤੀ ਜਾਵੇਗੀ ਅਤੇ ਬੱਸ ਪਾਸ ਦੀ ਸਿਫਾਰਿਸ਼ ਕੇਵਲ ਇੱਕ ਮਹੀਨਾ, ਦੋ ਮਹੀਨੇ ਅਤੇ 3 ਮਹੀਨੇ ਲਈ ਹੀ ਕੀਤੀ ਜਾਵੇਗੀ।
2. ਵਿਦਿਆਰਥੀਆਂ ਨੂੰ ਆਪਣਾ ਬੱਸ ਪਾਸ ਸਮੇਂ ਸਿਰ ਰਿਨਿਊ ਕਰਵਾਉਣਾ ਪਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਲੇਟ ਅਰਜੀ ਦੇਣ ਵਾਲੇ ਵਿਦਿਆਰਥੀ ਦੀ ਆਰਜੀ ਤੇ ਉਸਦੇ ਪਿਛਲੇ ਪਾਸੇ ਬੱਸ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਰਿਨਿਊ ਕਰਨ ਦੀ ਸਿਫਾਰਿਸ਼ ਕੀਤੀ ਜਾਵੇਗੀ।
3. ਇਹ ਵਿਦਿਆਰਥੀ ਦੀ ਨਿਜੀ ਜਿੰਮੇਵਾਰੀ ਹੋਵੇਗੀ ਕਿ ਲੋੜ ਨਾ ਹੋਣ ਤੇ ਉਹ ਕਾਲਜ ਦੇ ਮੁਖੀ ਤੋਂ ਸਿਫਾਰਿਸ਼ ਕਰਵਾ ਕੇ ਬੱਸ ਪਾਸ ਪੀ.ਆਰ.ਟੀ.ਸੀ. ਦੇ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।

(ਹਵਾਲਾ : ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਚੰਡੀਗੜ੍ਹ ਦੇ ਪੱਤਰ ਨੰਬਰ 687/ਪੀ.ਆਰ.ਟੀ.ਸੀ./ਬਜਟ ਮਿਤੀ 6-01-2009, ਜੋ ਕਿ ਡਾਇਰੈਕਟਰ ਸਿੱਖਿਆ ਵਿਭਾਗ, (ਕਾਲਜਾਂ), ਪੰਜਾਬ, ਚੰਡੀਗੜ੍ਹ ਦੇ ਦਫਤਰ ਦੇ ਪਿੱਠ ਅੰਕਣ ਨੰਬਰ 22/32-94 ਕਾ. ਐਜੂ. (3)/288-639 ਮਿਤੀ: 16-03-2009 ਰਾਹੀਂ ਪ੍ਰਾਪਤ ਹੋਇਆ ਹੈ।

# ਕਾਲਜ ਛੱਡਣ ਸਬੰਧੀ ਨਿਯਮ

ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਕਾਲਜ ਪ੍ਰਿੰਸੀਪਲ ਨੂੰ ਲਿਖਤੀ ਪੱਤਰ ਦੇਵੇਗਾ, ਜਿਸ ਉੱਪਰ ਉਸ ਦੇ ਮਾਤਾ/ਪਿਤਾ/ਸਰਪ੍ਰਸਤ ਦੇ ਹਸਤਾਖਰ ਹੋਣੇ ਚਾਹੀਦੇ ਹਨ। ਉਸ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫੀਸ, ਲਾਇਬਰੇਰੀ ਦੀਆਂ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਹੋਣਗੇ। ਕਾਲਜ ਵੱਲੋਂ ਸਿਕਿਊਰਿਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

# ਜੁਰਮਾਨੇ ਦੇ ਨਿਯਮ

1. ਬਿਨ੍ਹਾਂ ਆਗਿਆ ਕਾਲਜ ਵਿੱਚੋਂ ਗੈਰ-ਹਾਜਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਪੀਰੀਅਡ 25 ਪੈਸੇ ਅਤੇ ਇੱਕ ਤੋਂ ਵੱਧ ਪੀਰੀਅਡਾਂ ਲਈ ਪ੍ਰਤੀ ਦਿਨ 50 ਪੈਸੇ ਜੁਰਮਾਨਾ ਲੱਗਦਾ ਹੈ। ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਆਏ ਪੱਤਰਾਂ ਅਨੁਸਾਰ ਜੁਰਮਾਨਾ ਬਦਲ ਸਕਦਾ ਹੈ।
2. ਅਨੁਸ਼ਾਸਨ ਹੀਣਤਾ ਜਾਂ ਕਾਲਜ ਦੀ ਸੰਪਤੀ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਦੀ ਸੂਰਤ ਵਿੱਚ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ, ਜਿਸ ਦਾ ਫੈਸਲਾ ਅਨੁਸ਼ਾਸਨ ਕਮੇਟੀ ਕਰੇਗੀ।

## ਫੀਸ ਅਦਾਇਗੀ ਦੇ ਨਿਯਮ

ਫੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਤ ਸਮੇਂ ਕੀਤੀ ਜਾਵੇ, ਨਹੀਂ ਤਾਂ ਵਿਦਿਆਰਥੀ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਫਿਰ ਬਕਾਏ ਦੇ ਨਾਲ ਮੁੜ ਦਾਖਲਾ ਫੀਸ ਦੇਣੀ ਪਵੇਗੀ। ਲਾਇਬਰੇਰੀ ਅਤੇ ਹੋਸਟਲ ਦੀ ਸਿਕਿਉਰਿਟੀ ਜੇ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ ਨਾ ਲਈ ਜਾਵੇ ਤਾਂ ਇਹ ਜਬਤ ਹੋ ਜਾਵੇਗੀ। ਇੱਕ ਵਾਰ ਦਿੱਤੀ ਫੀਸ ਵਾਪਸ ਨਹੀਂ ਹੁੰਦੀ। ਫੀਸ ਨਿਯਤ ਮਿਤੀ ਤੱਕ ਜਮ੍ਹਾਂ ਨਾ ਕਰਾਉਣ ਦੀ ਸੂਰਤ ਵਿੱਚ ਸਰਕਾਰੀ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ। ਯੂਨੀਵਰਸਿਟੀ ਇਮਤਿਹਾਨ ਦੀ ਦਾਖਲਾ ਫੀਸ ਨਿਸਚਿਤ ਮਿਤੀ ਤੱਕ ਭਰਨੀ ਜਰੂਰੀ ਹੈ ਨਹੀਂ ਤਾਂ ਦਾਖਲਾ ਫਾਰਮ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ। ਇਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

## ਪੁਨਰ ਦਾਖਲਾ (ਰੀ-ਐਡਮੀਸ਼ਨ)

ਯੂਨੀਵਰਸਿਟੀ ਨਿਯਮਾਂ ਅਨੁਸਾਰ 10 ਦਿਨ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਂ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਨਾਮ ਕੱਟਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖਲਾ ਫੀਸ ਭਰਨ ਉਪਰੰਤ ਹੀ ਪੁਨਰ ਦਾਖਲਾ ਕੀਤਾ ਜਾਵੇਗਾ। ਪੁਨਰ ਦਾਖਲਾ ਦੋ ਵਾਰ ਹੀ ਸੰਭਵ ਹੈ। ਇਸ ਤੋਂ ਬਾਅਦ ਵਿਦਿਆਰਥੀ ਦਾ ਨਾਂ ਪੱਕੇ ਤੌਰ ਤੇ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।

## ਛੁੱਟੀ ਬਾਰੇ ਸੂਚਨਾ

1. ਕਾਲਜ ਤੋਂ ਛੁੱਟੀ ਲੈਣ ਲਈ ਅਰਜੀ ਨਿਰਧਾਰਿਤ ਫਾਰਮ ਤੇ ਸਬੰਧਤ ਟਿਊਟਰ ਰਾਹੀਂ ਪ੍ਰਿੰਸੀਪਲ ਦੀ ਆਗਿਆ ਨਾਲ ਦਫਤਰ ਵਿੱਚ ਪੇਸ਼ ਕੀਤੀ ਜਾਵੇ। ਛੁੱਟੀ ਦਾ ਫਾਰਮ ਦਫਤਰ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀ ਦੇ ਮਾਮਲੇ ਵਿੱਚ ਛੁੱਟੀ ਦੀ ਅਰਜੀ ਤੇ ਹੋਸਟਲ ਵਾਰਡਨ ਦੀ ਸਿਫਾਰਿਸ਼ ਕੀਤੀ ਹੋਣੀ ਲਾਜਮੀ ਹੈ ਅਤੇ ਦੂਸਰੇ ਵਿਦਿਆਰਥੀਆਂ ਦੇ ਸਬੰਧ ਵਿੱਚ ਮਾਤਾ/ਪਿਤਾ/ਸਰਪ੍ਰਸਤ ਵੱਲੋਂ।
3. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸ ਨੂੰ ਗੈਰ ਹਾਜਰੀ ਦਾ ਜ਼ੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸਬੰਧ ਹਾਜ਼ਰੀ ਤੋਂ ਛੋਟ ਨਾਲ ਨਹੀਂ ਹੈ।
4. ਕਾਲਜ ਨਾਲ ਸਬੰਧਤ ਕਿਸੇ ਸਰਗਰਮੀ ਵਿੱਚ ਭਾਗ ਲੈਣ ਲਈ ਭੇਜੇ ਗਏ ਵਿਦਿਆਰਥੀ ਸਬੰਧਤ ਇੰਚਾਰਜ/ਪ੍ਰੋਫੈਸਰ ਦੀ ਸਿਫਾਰਿਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜੀ ਮੰਜੂਰ ਕਰਵਾਉਣ ਲਈ ਟਿਊਟਰ ਨੂੰ ਦੇਣ।
5. ਛੁੱਟੀ ਜਾਣ ਤੋਂ ਪਹਿਲਾਂ ਵਿਦਿਆਰਥੀ ਆਪਣੇ ਵਿਸ਼ਿਆਂ ਨਾਲ ਸਬੰਧਤ ਲੈਕਚਰਾਰ ਸਾਹਿਬਾਨ ਨੂੰ ਨੋਟ ਕਰਵਾ ਕੇ ਜਾਣ।
6. ਵੱਖ-ਵੱਖ ਸਰਗਰਮੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈ-ਪੱਤਰ ਦੀ ਫੋਟੋਕਾਪੀ ਵੀ ਇੰਚਾਰਜ ਅਤੇ ਟਿਊਟਰ ਦੇ ਹਸਤਾਖਰ ਕਰਵਾ ਕੇ ਆਪਣੇ ਪਾਸ ਰੱਖਣ। ਇਸ ਤੋਂ ਬਿਨ੍ਹਾਂ ਹਾਜ਼ਰੀ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲੀਅਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ ਵਿਦਿਆਰਥੀ ਨੂੰ ਮਿਲਦੀ ਹੈ।

## ਮਿਡ ਸਮੈਸਟਰ ਟੈਸਟ ਸਬੰਧੀ ਨਿਯਮ

ਪਹਿਲੇ, ਤੀਜੇ, ਪੰਜਵੇਂ, ਸੱਤਵੇਂ ਸਮੈਸਟਰ ਪ੍ਰਣਾਲੀ ਦੀਆਂ ਮਿਡ ਸਮੈਸਟਰ ਟੈਸਟ ਅੰਦਾਜ਼ਨ ਸਤੰਬਰ ਦੇ ਦੂਜੇ ਹਫਤੇ ਅਤੇ ਨਵੰਬਰ ਦੇ ਪਹਿਲੇ ਹਫਤੇ ਹੋਣਗੀਆਂ। ਦੂਜੇ, ਚੌਥੇ ਅਤੇ ਅੱਠਵੇਂ ਸਮੈਸਟਰ ਦੀਆਂ ਪ੍ਰੀਖਿਆਵਾਂ ਮਾਰਚ ਦੇ ਦੂਜੇ ਹਫਤੇ ਅਤੇ ਅਪ੍ਰੈਲ ਦੇ ਦੂਜੇ ਹਫਤੇ ਵਿੱਚ ਹੋਣਗੀਆਂ। ਇਹਨਾਂ ਪ੍ਰੀਖਿਆਵਾਂ ਦੇ ਆਧਾਰ ਤੇ ਯੂਨੀਵਰਸਿਟੀ ਦੀ ਪ੍ਰੀਖਿਆ ਲਈ ਦਾਖਲਾ ਭੇਜਿਆ ਜਾਵੇਗਾ। ਇਸ ਸਬੰਧੀ ਨਿਯਮ ਇਸ ਪ੍ਰਕਾਰ ਹੋਣਗੇ:-

1. ਬੀ.ਏ./ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ)/ਬੀ.ਕਾਮ. ਭਾਗ ਪਹਿਲਾ, ਦੂਜਾ, ਤੀਜਾ ਵਿੱਚ ਪੜ੍ਹਦੇ ਵਿਦਿਆਰਥੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਤਦ ਹੀ ਬੈਠ ਸਕਦੇ ਹਨ ਜੇਕਰ ਉਹਨਾਂ ਮਿਡ ਸਮੈਸਟਰ ਪ੍ਰੀਖਿਆਵਾਂ ਵਿੱਚੋਂ ਸਾਰੇ ਵਿਸ਼ਿਆਂ ਦੇ ਕੁੱਲ ਅੰਕਾਂ ਵਿੱਚੋਂ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ ਜਾਂ ਵੱਖ-ਵੱਖ ਵਿਸ਼ਿਆਂ ਵਿੱਚੋਂ 25 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ।

2. ਜੋ ਵਿਦਿਆਰਥੀ ਅਚੂਕ ਕਾਰਨਾਂ ਕਰਕੇ ਇਸ ਘਰੇਲੂ ਪ੍ਰੀਖਿਆ ਵਿੱਚ ਨਹੀਂ ਬੈਠ ਸਕਣਗੇ ਜਾਂ ਉਹ ਉੱਪਰ ਲਿਖੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਹਨਾਂ ਲਈ ਜੇ ਪ੍ਰਿੰਸੀਪਲ ਚਾਹੁਣ ਤਾਂ ਇੱਕ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਦਾ ਮੌਕਾ ਦਿੱਤਾ ਜਾ ਸਕਦਾ ਹੈ। ਵਿਦਿਆਰਥੀ ਨੂੰ ਕਾਲਜ ਵੱਲੋਂ ਸਪੈਸ਼ਲ ਟੈਸਟ ਦੀ ਨਿਰਧਾਰਤ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਪਰ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਦੀਆਂ ਸ਼ਰਤਾਂ ਉੱਪਰ ਲਿਖੀਆਂ ਹੀ ਹੋਣਗੀਆਂ।
3. ਮਿਡ ਸਮੈਸਟਰ ਟੈਸਟ ਸਮੇਂ ਛੁੱਟੀ ਕੇਵਲ ਬਿਮਾਰੀ ਦੀ ਹਾਲਤ ਵਿੱਚ ਹੀ ਦਿੱਤੀ ਜਾਵੇਗੀ। ਇਸ ਲਈ ਅਰਜ਼ੀ ਨਾਲ ਮੈਡੀਕਲ ਅਫ਼ਸਰ ਦਾ ਪ੍ਰਮਾਣ-ਪੱਤਰ ਲਗਾ ਕੇ ਛੁੱਟੀ ਕੇਵਲ ਪ੍ਰਿੰਸੀਪਲ ਤੋਂ ਅਡਵਾਂਸ ਵਿੱਚ ਮਨਜੂਰ ਕਰਵਾਈ ਜਾਵੇ। ਇਹ ਸੂਚਨਾ ਤੁਰੰਤ ਪ੍ਰੀਖਿਆ ਵਿੱਚ ਬੈਠਣ ਦੌਰਾਨ ਹੀ ਦਿੱਤੀ ਜਾਵੇ। ਬਿਮਾਰੀ ਦੀ ਛੁੱਟੀ ਕਾਰਨ ਇਮਤਿਹਾਨਾਂ ਦੀਆਂ ਕੰਡੀਸ਼ਨਾਂ ਵਿੱਚ ਛੋਟ ਨਹੀਂ ਹੋਵੇਗੀ।
4. ਛੁੱਟੀ ਲਏ ਬਿਨਾਂ ਮਿਡ ਸਮੈਸਟਰ ਟੈਸਟ ਵਿੱਚ ਗੈਰ-ਹਾਜਰ ਰਹਿਣ ਵਾਲੇ ਵਿਦਿਆਰਥੀ ਨੂੰ ਪ੍ਰਤੀ ਪਰਚਾ ਕਾਲਜ ਵੱਲੋਂ ਨਿਸ਼ਚਿਤ ਕੀਤਾ ਗਿਆ ਜੁਰਮਾਨਾ ਦੇਣਾ ਪਵੇਗਾ।
5. ਮਿਡ ਸਮੈਸਟਰ ਟੈਸਟ ਅਤੇ ਸਪੈਸ਼ਲ ਪ੍ਰੀਖਿਆ ਵਿੱਚ ਨਕਲ ਕਰਨ ਵਾਲੇ ਵਿਦਿਆਰਥੀ ਦਾ ਕੇਸ ਯੂ.ਐਮ.ਸੀ. ਕਮੇਟੀ ਕੋਲ ਅਗਲੇਰੀ ਕਾਰਵਾਈ ਲਈ ਭੇਜਿਆ ਜਾਵੇਗਾ ਅਤੇ ਉਸ ਨੂੰ ਕਾਲਜ ਵੱਲੋਂ ਦਿੱਤੀਆਂ ਰਿਆਇਤਾਂ (ਫੀਸਾਂ ਅਤੇ ਵਜ਼ੀਫੇ ਆਦਿ) ਖਤਮ ਕਰ ਦਿੱਤੀਆਂ ਜਾਣਗੀਆਂ।
6. ਜਿਹਨਾਂ ਵਿਦਿਆਰਥੀਆਂ ਦੇ ਨਾਮ ਕੱਟੇ ਗਏ ਹਨ ਉਹਨਾਂ ਵਿਦਿਆਰਥੀਆਂ ਲਈ ਮਿਡ ਸਮੈਸਟਰ ਟੈਸਟ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਪੁਨਰ-ਦਾਖਲਾ ਕਰਵਾਉਣਾ ਲਾਜ਼ਮੀ ਹੋਵੇਗਾ। ਨਹੀਂ ਤਾਂ ਉਹਨਾਂ ਨੂੰ ਮਿਡ ਸਮੈਸਟਰ ਟੈਸਟ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ।

## ਹਾਜ਼ਰੀਆਂ ਸਬੰਧੀ ਨਿਯਮ

1. ਹਰ ਵਿਦਿਆਰਥੀ ਲਈ ਥਿਊਰੀ ਅਤੇ ਪ੍ਰੈਕਟੀਕਲ ਵਿੱਚ 75 ਪ੍ਰਤੀਸ਼ਤ ਹਾਜ਼ਰੀਆਂ ਜ਼ਰੂਰੀ ਹਨ। ਜੇ ਥਿਊਰੀ ਵਿੱਚ 15 ਪ੍ਰਤੀਸ਼ਤ ਤੋਂ ਵੱਧ ਅਤੇ ਪ੍ਰੈਕਟੀਕਲ ਵਿੱਚ 7 ਪ੍ਰਤੀਸ਼ਤ ਤੋਂ ਵੱਧ ਲੈਕਚਰ ਘੱਟ ਹੋਣ ਤਾਂ ਉਹ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਨਹੀਂ ਦੇ ਸਕੇਗਾ।
2. ਪ੍ਰਿੰਸੀਪਲ ਨੂੰ ਕੁੱਝ ਖਾਸ ਕਾਰਨਾਂ ਕਰਕੇ ਘੱਟ ਹਾਜ਼ਰੀਆਂ ਨੂੰ ਪੂਰਾ ਕਰਨ ਦਾ ਅਧਿਕਾਰ ਹੈ ਪਰ ਇਸ ਛੋਟ ਲਈ ਵਿਦਿਆਰਥੀ ਦੇ ਘੱਟੋ-ਘੱਟ 50 ਪ੍ਰਤੀਸ਼ਤ ਲੈਕਚਰ ਹੋਣੇ ਜ਼ਰੂਰੀ ਹਨ। ਇਸ ਮੱਦ ਅਧੀਨ ਪ੍ਰਿੰਸੀਪਲ ਕੇਵਲ 12 ਪ੍ਰਤੀਸ਼ਤ ਲੈਕਚਰ ਮੁਆਫ਼ ਕਰ ਸਕਦੇ ਹਨ।
3. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸਬੰਧ ਹਾਜ਼ਰੀਆਂ ਦੀ ਛੋਟ ਨਾਲ ਨਹੀਂ ਹੈ। ਲੈਕਚਰ ਸ਼ਾਰਟੇਜ਼ ਬਾਰੇ ਸੂਚਨਾ ਸਮੇਂ-ਸਿਰ ਦਿੱਤੀ ਜਾਵੇਗੀ ਅਤੇ ਘੱਟ ਲੈਕਚਰ ਵਾਲੇ ਵਿਦਿਆਰਥੀ ਦਾ ਰੋਲ ਨੰਬਰ ਰੋਕ ਲਿਆ ਜਾਵੇਗਾ।

## ਇਨਾਮਾਂ ਸਬੰਧੀ ਨਿਯਮ

ਯੂਨੀਵਰਸਿਟੀ ਪ੍ਰੀਖਿਆਵਾਂ ਦੇ ਆਧਾਰ ਤੇ:-

ਯੂਨੀਵਰਯਿਟੀ ਪ੍ਰੀਖਿਆ ਵਿੱਚ ਪਹਿਲੇ, ਦੂਜੇ ਸਥਾਨ ਤੇ ਆਉਣ ਵਾਲੇ ਨੂੰ ਇਨਾਮ ਦਿੱਤੇ ਜਾਣਗੇ।

(60 ਪ੍ਰਤੀਸ਼ਤ) ਤੋਂ ਵੱਧ ਅੰਕ ਕੁਲ ਜੋੜ (ਐਗਰੀਗੇਟ ਅਤੇ ਵੱਖ-ਵੱਖ ਵਿਸ਼ਿਆਂ) ਵਿੱਚ (ਪਹਿਲਾ ਅਤੇ ਦੂਜਾ ਸਥਾਨ) ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਦਿੱਤੇ ਜਾਣਗੇ।

## ਕਾਲਜ ਪੁਰਸਕਾਰ

### ਰੋਲ ਆਫ਼ ਆਨਰ

1. ਜਿਹੜੇ ਵਿਦਿਆਰਥੀ ਵਿੱਦਿਅਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਰਾਸ਼ਟਰੀ ਸੇਵਾ ਯੋਜਨਾ, ਐਨ.ਸੀ.ਸੀ. ਅਤੇ ਰੈੱਡ ਕਰਾਸ ਆਦਿ ਖੇਤਰ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ, ਉਹਨਾਂ ਦੇ ਨਾਮ ਕਾਲਜ ਦੇ ਰੋਲ ਆਫ਼ ਆਨਰ ਪੁਸਤਕ ਵਿੱਚ ਅੰਕਿਤ ਕੀਤੇ ਜਾਂਦੇ ਹਨ। ਇਹਨਾਂ ਲਈ ਹੇਠ ਲਿਖੇ ਨਿਯਮ ਲਾਗੂ ਹੋਣਗੇ।

### ੳ) ਅਕਾਦਮਿਕ

1. ਸਲਾਨਾ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਬੀ.ਏ., ਬੀ.ਐਸ.ਸੀ. (ਮੈਡੀਕਲ, ਨਾਨ-ਮੈਡੀਕਲ, ਖੇਤੀਬਾੜੀ) ਬੀ.ਕਾਮ., ਬੀ.ਸੀ. ਏ, ਐਮ.ਏ. (ਪੰਜਾਬੀ , ਅਰਥ ਵਿਗਿਆਨ ਅਤੇ ਅੰਗਰੇਜੀ)/ਐਮ.ਐਸ.ਸੀ. (ਕੈਮਿਸਟਰੀ) ਦੀ ਹਰ ਕਲਾਸ ਵਿੱਚੋਂ ਯੂਨੀਵਰਸਿਟੀ ਵਿੱਚੋਂ ਹੇਠ ਲਿਖੇ ਅਨੁਸਾਰ ਪੋਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਆਫ਼ ਆਨਰ ਦਿੱਤੇ ਜਾਣਗੇ:

ੳ) ਖੇਤੀਬਾੜੀ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚੋਂ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵ ਾ ਲ ੇ ਵਿਦਿਆਰਥੀ।

ਅ) ਕਾਮਰਸ ਅਤੇ ਸਾਇੰਸ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

ੲ) ਹਿਊਮੈਨਟੀਜ਼ ਗਰੁੱਪ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੇ ਦਸ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

ਸ) ਐਮ.ਏ. (ਪੰਜਾਬੀ, ਅਰਥ ਵਿਗਿਆਨ ਅਤੇ ਅੰਗਰੇਜੀ) ਅਤੇ ਐਮ.ਐਸ.ਸੀ. (ਕੈਮਿਸਟਰੀ) ਵਿੱਚੋਂ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

## ਅ) ਖੇਡਾਂ

1. ਇੰਟਰਨੈਸ਼ਨਲ ਜਾਂ ਵਿਸ਼ਵ ਅੰਤਰ ਯੂਨੀਵਰਸਿਟੀ ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ।
2. ਰਾਸ਼ਟਰੀ/ਸਟੇਟ ਯੂਨੀਵਰਸਿਟੀ ਟੀਮ ਦਾ ਕਪਤਾਨ।
3. ਆਲ ਇੰਡੀਆ ਅੰਤਰ ਯੂਨੀਵਰਸਿਟੀ/ਨੈਸ਼ਨਲ ਪੱਧਰ ਤੇ ਹੋਣ ਵਾਲੇ ਟੀਮ ਮੁਕਾਬਲਿਆਂ ਵਿੱਚ (ਵਿਅਕਤੀਗਤ ਜਾਂ ਟੀਮ ਦਾ ਮੈਂਬਰ) ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ।
4. ਅਥਲੈਟਿਕਸ ਵਿੱਚ ਰਾਸ਼ਟਰੀ/ਅੰਤਰ-ਰਾਜੀ/ਯੂਨੀਵਰਸਿਟੀ/ਸਟੇਟ ਪੱਧਰ (ਪ੍ਰਵਾਨਿਤ) ਦੇ ਮੁਕਾਬਲੇ ਵਿੱਚ ਦਸ ਅੰਕ (ਰੀਲੇਅ ਤੋਂ ਬਿਨਾਂ) ਪ੍ਰਾਪਤ ਕਰਨ ਵਾਲਾ ਵਿਦਿਆਰਥੀ

ਨੋਟ: ਕੇਵਲ ਉਨ੍ਹਾਂ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਅੰਤਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨ ਹੋਣਗੇ ਤੇ ਜਿਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ।

## ੲ) ਸੱਭਿਆਚਾਰਕ ਗਤੀਵਿਧੀਆਂ

1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ।
2. ਯੂਨੀਵਰਸਿਟੀ ਪੱਧਰ ਤੇ 2 ਗੋਲਡ ਮੈਡਲ ਲੈਣ ਵਾਲਾ ਵਿਦਿਆਰਥੀ।

1\. ਅੰਤਰਵਰਸਿਟੀ/ਅੰਤਰ ਰਾਜੀ ਪੱਧਰ ਮੁਕਾਬਲਿਆਂ ਕੈਂਪ/ਇੱਕਤਰਤਾ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਲੰਟੀਅਰ।
2\. ਗਣਤੰਤਰ ਦਿਵਸ ਪਰੇਡ ਦਿੱਲੀ ਵਿਖੇ ਭਾਗ ਲਿਆ ਹੋਵੇ।

### ਸ) ਯੂਥ ਰੈਡ ਕਰਾਸ ਯੂਨਿਟ:-

1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਲੰਟੀਅਰ।

# ਕਾਲਜ ਕਲਰ

## ੳ) ਅਕਾਦਮਿਕ :

1. ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਕੋਈ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

## ਅ) ਖੇਡਾਂ:

1. ਯੂਨੀਵਰਸਿਟੀ/ਅੰਤਰ ਕਾਲਜ ਪੱਧਰ ਤੇ ਵਿਅਕਤੀਗਤ ਖੇਡ ਮੁਕਾਬਲੇ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ।
2. ਯੂਨੀਵਰਸਿਟੀ ਚੈਂਪੀਅਨ ਟੀਮ ਲਈ 100 ਪ੍ਰਤੀਸ਼ਤ, ਯੂਨੀਵਰਸਿਟੀ 'ਚੋਂ ਦੂਜਾ ਸਥਾਨ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਵਿੱਚ ਕ੍ਰਮਵਾਰ 60 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਖਿਡਾਰੀਆਂ ਨੂੰ।
3. ਜੇ ਟੀਮ ਤੀਜਾ ਸਥਾਨ ਨਾ ਪ੍ਰਾਪਤ ਕਰ ਸਕੇ ਤਾ ਜੋਨ ਚੈਂਪੀਅਨ ਟੀਮਾਂ ਵਿੱਚ ਮੇਜਰ ਖੇਡਾਂ ਲਈ ਅਤੇ ਦੂਜਿਆਂ ਲਈ ਇਕ ਖਿਡਾਰੀ।
4. ਯੂਨੀਵਰਸਿਟੀ ਅੰਤਰ ਕਾਲਜ ਪੱਧਰ ਤੇ ਵਿਅਕਤੀਗਤ ਖੇਡ ਮੁਕਾਬਲੇ ਵਿੱਚ ਪੰਜ ਅੰਕ ਪ੍ਰਾਪਤ ਕਰਨ ਵਾਲਾ ਖਿਡਾਰੀ।
5. ਕਾਲਜ ਦੇ ਸਲਾਨਾ ਖੇਡ ਮੁਕਾਬਲੇ ਵਿੱਚ ਸਰਵੋਤਮ ਰਹਿਣ ਵਾਲਾ ਐਥਲੀਟ (ਲੜਕਾ ਜਾਂ ਲੜਕੀ)।
6. ਸਟੇਟ ਯੂਨੀਵਰਸਿਟੀ ਦਾ ਮੈਂਬਰ।
7. ਸਟੇਟ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ।

ਨੋਟ:-1. ਵਾਲੀਬਾਲ, ਬਾਸਕਟਬਾਲ ਅਤੇ ਬਾਕੀ ਖੇਡਾਂ ਲਈ 12 ਖਿਡਾਰੀ ਮੰਨ ਕੇ 3 ਦਾ ਲਾਭ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਰੋਲ ਆਫ਼ ਆਨਰ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਗਿਣਤੀ ਵਿੱਚ ਸ਼ਾਮਲ ਹੋਵੇਗਾ।

2\. ਅੱਠ ਜਾਂ ਇਸ ਤੋਂ ਵੱਧ ਮੈਂਬਰਾਂ ਵਾਲੀ ਟੀਮ ਨੂੰ ਮੇਜ਼ਰ ਅਤੇ ਇਸ ਤੋਂ ਘੱਟ ਮੈਂਬਰਾਂ ਵਾਲੀ ਟੀਮ ਨੂੰ ਮਾਈਨਰ ਮੰਨ ਕੇ 3 ਦਾ ਲਾਭ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

## ੲ) ਸਭਿਆਚਾਰਕ ਗਤੀਵਿਧੀਆਂ :

1. ਯੂਨੀਵਰਸਿਟੀ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਲਈ ਟੀਮ ਨੂੰ ਕ੍ਰਮਵਾਰ 100%, 60% ਅਤੇ 40%.
2. ਜੇ ਟੀਮ ਤੀਜਾ ਸਥਾਨ ਨਾ ਪ੍ਰਾਪਤ ਕਰ ਸਕੇ ਤਾਂ ਜੋਨਲ ਚੈਂਪੀਅਨ ਟੀਮਾਂ ਵਿੱਚ ਮੇਜਰ ਅਤੇ ਮਾਈਨਰ ਟੀਮ ਲਈ ਕ੍ਰਮਵਾਰ 2 ਅਤੇ 1 ਵਿਦਿਆਰਥੀ।
3. ਅੰਤਰ ਕਾਲਜ ਮੁਕਾਬਲਿਆਂ ਵਿੱਚ 15 ਅੰਕ (ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਕ੍ਰਮਵਾਰ 5, 3 ਅਤੇ 2 ਅੰਕ ਮੰਨ ਕੇ ਟ੍ਰਾਫੀ ਜੇਤੂ ਕੋਈ ਪੁਜ਼ੀਸ਼ਨ ਨਾ ਆਉਣ ਤੇ 1 ਅੰਕ ਦਿੱਤਾ ਜਾਵੇਗਾ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।
4. ਯੂਨੀਵਰਸਿਟੀ ਟੀਮ ਦਾ ਮੈਂਬਰ।

## ਸ) ਐਨ.ਐਸ.ਐਸ. :

1. ਦਸ ਦਿਨਾਂ ਦਾ ਕੈਂਪ ਅਤੇ ਰੈਗੂਲਰ ਗਤੀਵਿਧੀਆਂ ਦੇ 120 ਘੰਟੇ ਪੂਰੇ ਕਰਨ ਉਪਰੰਤ ਅੰਤਰ ਕਾਲਜ ਕੈਂਪ/ਮੁਕਾਬਲਾ ਇੱਕਤਰਤਾ ਵਿੱਚ ਪਹਿਲਾ/ਦੂਜਾ/ਤੀਜਾ/ਵਿਸ਼ੇਸ਼ ਇਨਾਮ ਸ਼ਲਾਘਾ ਸਰਟੀਫਿਕੇਟ ਪ੍ਰਾਪਤ ਕਰਨ ਵਾਲਾ ਵਲੰਟੀਅਰ।
2. ਯੂਨਿਟ ਦਾ ਸਰਵੋਤਮ/ਬੈਸਟ ਵਲੰਟੀਅਰ।
3. ਸਭ ਤੋਂ ਵੱਧ ਕੈਂਪ ਲਾਉਣ ਵਾਲਾ ਵਲੰਟੀਅਰ।
4. ਅੰਤਰ ਯੂਨੀਵਰਸਿਟੀ ਅਤੇ ਅੰਤਰ-ਰਾਜੀ ਮੁਕਾਬਲਿਆਂ ਲਈ ਯੂਨੀਵਰਸਿਟੀ ਟੀਮ ਮੈਂਬਰ।

(ਨੋਟ : ਉਪਰੋਕਤ ਸਨਮਾਨਾਂ ਲਈ ਸੰਬੰਧਿਤ ਪ੍ਰੋਗਰਾਮ ਅਫਸਰ ਦੀਆਂ ਸਿਫਾਰਸ਼ਾਂ ਅਤੇ ਮੁੱਖ ਪ੍ਰੋਗਰਾਮ ਅਫਸਰ ਦੀ ਪ੍ਰਵਾਨਗੀ ਜ਼ਰੂਰੀ ਹੈ।)

## ਹ) ਯੂਥ ਰੈਡ ਕਰਾਸ ਯੂਨਿਟ :

1. ਅੰਤਰ ਕਾਲਜ ਪ੍ਰਤੀਯੋਗਤਾ/ਯੂਨੀਵਰਸਿਟੀ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਜਾਂ ਵਿਸ਼ੇਸ਼ ਇਨਾਮ 1. ਚੰਡੀਗੜ੍ਹ ਜਾਂ ਸਰਟੀਫਿਕੇਟ/ਪੁਰਸਕਾਰ ਪ੍ਰਾਪਤ ਕਰਨ ਵਾਲਾ ਵਲੰਟੀਅਰ।

## ਕ) ਐਨ.ਸੀ..ਸੀ.:-

1. ਚੰਡੀਗੜ੍ਹ ਵਿੱਚ ਲੱਗੇ ਪ੍ਰੀ-ਰੀਪਬਲਿਕ ਡੇਅ ਕੈਂਪ/ਥਲ ਸੈਨਾ ਚੰਡੀਗੜ੍ਹ ਵਿੱਚ ਲੱਗੇ ਕੈਂਪ ਵਿੱਚ ਸ਼ਾਮਲ ਕੈਡਿਟ।
2. ਐਨ.ਸੀ.ਸੀ. ਦਾ 'ਬੀ' ਸਰਟੀਫਿਕੇਟ (ੲ) ਗਰੇਡ ਅਤੇ 'ਸੀ' ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਅਤੇ ਕੰਬਾਈਡ ਵਾਰਸ਼ਿਕ ਟ੍ਰੇਨਿੰਗ ਕੈਂਪ (ਸੀ.ਏ.ਟੀ.ਸੀ.) ਜਾਂ ਸਲਾਨਾ ਟ੍ਰੇਨਿੰਗ ਕੈਂਪ (ਏ.ਟੀ.ਸੀ.) ਦੇ ਕਿਸੇ ਮੁਕਾਬਲੇ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ।
3. ਆਰਮੀ ਅਟੈਚਮੈਂਟ ਕੈਂਪ ਜਾਂ ਰਾਸ਼ਟਰੀ ਪੱਧਰ ਦੇ ਕੈਂਪ ਵਿੱਚ ਕਾਲਜ ਜਾਂ ਬਟਾਲੀਅਨ ਦੇ ਪੱਧਰ 'ਤੇ ਸਰਵੋਤਮ ਕੈਡਿਟ ਘੋਸ਼ਿਤ ਕੀਤਾ ਗਿਆ ਹੋਵੇ।
4. ਐਨ.ਸੀ.ਸੀ. ਯੂਨਿਟ (ਕਾਲਜ) ਦੇ ਬੈਸਟ ਕੈਡਿਟ।
5. ਐਨ.ਸੀ.ਸੀ. ਦੀ ਅੰਤਰ ਗਰੁੱਪ ਗਤੀਵਿਧੀਆਂ (ਬੈਸਟ ਸ਼ੂਟਰ, ਬੈਸਟ ਕੈਡਿਟ, ਬੈਸਟ ਗਾਰਡ ਪਰੇਡ, ਬੈਸਟ ਕਮਾਂਡਰ) ਵਿੱਚ ਵਿਸ਼ੇਸ਼ ਪ੍ਰਾਪਤੀ ਕਰਨ ਵਾਲਾ ਕੈਡਿਟ।

ਨੋਟ: ਕਾਲਜ ਅਨੁਸ਼ਾਸਨ ਦੀ ਉਲੰਘਣਾ ਕਰਨ ਵਾਲੇ ਅਤੇ ਪਰੇਡਾਂ ਵਿੱਚ 75 ਪ੍ਰਤੀਸ਼ਤ ਤੋਂ ਘੱਟ ਹਾਜ਼ਰੀ ਵਾਲੇ ਕੈਡਿਟ ਨੂੰ ਮਿਲਣ ਵਾਲੇ ਸਨਮਾਨ ਨੂੰ ਰੱਦ ਕੀਤਾ ਜਾ ਸਕਦਾ ਹੈ।

# ਮੈਰਿਟ ਸਰਟੀਫਿਕੇਟ

1. ਮੈਰਿਟ ਸਰਟੀਫਿਕੇਟ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਨੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਹੇਠਾਂ ਦੱਸੇ ਅਨੁਸਾਰ ਘੱਟੋ-ਘੱਟ 5 ਅੰਕ ਪ੍ਰਾਪਤ ਕੀਤੇ ਹੋਣ।(ਹਰੇਕ ਟਰਾਫ਼ੀ ਦੇ 2 ਅੰਕ, ਪਹਿਲੇ ਇਨਾਮ ਦੇ 3 ਅੰਕ, ਤੀਜੇ ਇਨਾਮ ਦਾ 1 ਅੰਕ)।
2. ਖੇਤਰੀ ਯੁਵਕ ਮੇਲੇ ਵਿੱਚ ਪਹਿਲੇ ਜਾਂ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਹੱਕਦਾਰ ਹੋਣਗੇ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।
3. ਅੰਤਰ ਖੇਤਰੀ ਯੁਵਕ ਮੇਲੇ ਵਿੱਚ ਦੂਸਰੇ ਸਥਾਨ 'ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।

ਵਿਸ਼ੇਸ਼ ਨੋਟ :

4. ਸਲਾਨਾ ਇਨਾਮ ਵੰਡ ਸਮਾਰੋਹ ਵਿੱਚ ਇਨਾਮ ਨਾ ਪ੍ਰਾਪਤ ਕਰ ਸਕਣ ਵਾਲਾ ਵਿਦਿਆਰਥੀ 10 ਦਿਨਾਂ ਦੇ ਅੰਦਰ-ਅੰਦਰ ਆਪਣਾ ਇਨਾਮ ਪ੍ਰਾਪਤ ਕਰ ਸਕਦਾ ਹੈ।ਇਸ ਤੋਂ ਬਾਅਦ ਉਸ ਨੂੰ ਇਨਾਮ ਨਹੀਂ ਦਿੱਤਾ ਜਾਵੇਗਾ।

5. ਜਿੰਨ੍ਹਾਂ ਵਿਦਿਆਰਥੀਆਂ ਨੇ ਆਪਣੇ ਯੂਨੀਵਰਸਿਟੀ ਪੇਪਰਾਂ ਦੀ ਪੁਨਰ ਪੜਤਾਲ ਆਦਿ ਕਰਵਾਈ ਹੋਵੇ, ਉਹ ਆਪਣਾ ਸੋਧਿਆ ਨਤੀਜਾ ਪ੍ਰਿੰਸੀਪਲ/ਰਜਿਸਟਰਾਰ ਕਾਲਜ ਨੂੰ 31 ਜਨਵਰੀ ਤੋਂ ਪਹਿਲਾਂ-ਪਹਿਲਾਂ ਦੇ ਦੇਣ।
6. ਇਨਾਮ ਵਿਸ਼ੇਸ਼ ਕਰ, ਰੋਲ ਆਫ਼ ਆਨਰ ਜੇਤੂ ਵਿਦਿਆਰਥੀ ਖੁਦ ਆਪ ਹੀ ਪ੍ਰਾਪਤ ਕਰਨਗੇ।
7. ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਦੌਰਾਨ ਕਾਲਜ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਭੇਜੇ ਜਾਣਗੇ, ਉਹਨਾਂ ਵਿਦਿਆਰਥੀਆਂ ਨੂੰ ਘਰੇਲੂ ਇਮਤਿਹਾਨਾਂ ਵਿੱਚ ਬੈਠਣ ਦੇ ਪੂਰੇ ਅਤੇ ਯੋਗ ਅਵਸਰ ਦਿੱਤੇ ਜਾਣਗੇ।
8. ਜਿੰਨ੍ਹਾਂ ਵਿਦਿਆਰਥੀਆਂ ਦੀਆਂ ਕੰਡੀਸ਼ਨਾਂ ਪੂਰੀਆਂ ਨਹੀਂ ਹੋਣਗੀਆਂ ਉਹ ਕਿਸੇ ਵੀ ਇਨਾਮ ਦੇ ਹੱਕਦਾਰ ਨਹੀਂ ਹੋਣਗੇ। ਖੇਤਰ ਭਾਵੇਂ (ਅਕਾਦਮਿਕ, ਸਪੋਰਟਸ, ਸੱਭਿਆਚਾਰਕ ਗਤੀਵਿਧੀਆਂ, ਐਨ.ਸੀ.ਸੀ., ਐਨ.ਐਸ.ਐਸ. ਆਦਿ ) ਕੋਈ ਵੀ ਹੋਵੇ।
9. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੈਲੇਂਡਰ ਅਨੁਸਾਰ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ, ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਇਨਾਮ ਦੇ ਹੱਕਦਾਰ ਮੰਨਿਆ ਜਾਵੇਗਾ।
10. ਸਪੋਰਟਸ, ਸੱਭਿਆਚਾਰਕ, ਐਨ.ਸੀ.ਸੀ., ਐਨ.ਐਸ.ਐਸ. ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ/ਪ੍ਰਤੀਯੋਗੀ ਆਪਣੀ ਪ੍ਰਤੀਯੋਗਤਾ ਵਿੱਚ ਆਪਣੀ ਕਾਰਗੁਜ਼ਾਰੀ ਦਾ ਪ੍ਰਮਾਣ ਆਪਣੇ ਪ੍ਰੋ. ਇੰਚਾਰਜ ਤੋਂ ਤਸਦੀਕ ਕਰਵਾ ਕੇ ਸਬੰਧਤ ਕਲਰਕ ਨੂੰ ਦੇਣਗੇ। ਕੇਵਲ ਇਸ ਰਿਕਾਰਡ ਦੇ ਆਧਾਰ ਤੇ ਹੀ ਸਲਾਨਾ ਇਨਾਮ ਵੰਡ ਸਮਾਰੋਹ ਲਈ ਵਿਦਿਆਰਥੀ ਪ੍ਰਤੀਯੋਗੀਆਂ ਦੀ ਯੋਗਤਾ ਅਨੁਸਾਰ ਇਨਾਮ ਦਿੱਤੇ ਜਾਣਗੇ।

**ਨੋਟ : ਕਿਸੇ ਵੀ ਪੁਰਸਕਾਰ (ਰੋਲ ਆਫ ਆਨਰ, ਕਾਲਜ਼ ਕਲਰ, ਮੈਰਿਟ ਸਰਟੀਫਿਕੇਟ) ਸਬੰਧੀ ਅੰਤਿਮ ਨਿਰਣਾ ਲੈਣ ਦਾ ਅਧਿਕਾਰ ਪ੍ਰਿੰਸੀਪਲ ਅਤੇ ਕਾਲਜ ਕੌਂਸਲ ਕੋਲ ਹੋਵੇਗਾ।**

## ਜਮ੍ਹਾਂ ਕੀਤੀ ਫੀਸ ਵਾਪਿਸ ਨਹੀਂ ਕੀਤੀ ਜਾਵੇਗੀ।

## ਸਾਲ : 2024-25 ਦੌਰਾਨ ਵੱਖ-ਵੱਖ ਕਲਾਸਾਂ ਤੋਂ ਲਏ ਜਾਣ ਵਾਲੇ ਫੰਡ ਅਤੇ ਫੀਸ ਦੇ ਵੇਰਵੇ

### ਬੀ.ਏ ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ) (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ.ਸੀ. ਵਿਦਿਆਰਥੀ | 1 ਪ੍ਰੈਕਟੀਕਲ | 2 ਪ੍ਰੈਕਟੀਕਲ | ਬਾਹਰਲੇ ਬੋਰਡ 1 ਪ੍ਰੈਕਟੀਕਲ | ਬਾਹਰਲੇ ਬੋਰਡ 2 ਪ੍ਰੈਕਟੀਕਲ |
|---|---|---|---|---|---|---|---|
| ਲੜਕੇ | 10914/- | 11884/- | 3680/- | 12164/- | 12314/- | 12334/- | 12484/- |
| ਲੜਕੀਆਂ | 10770/- | 10940/- | 3680/- | 12020/- | 12170/- | 12190/- | 12340/- |

### ਬੀ.ਏ ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਐਸ.ਸੀ. ਵਿਦਿਆਰਥੀ | 1 ਪ੍ਰੈਕਟੀਕਲ | 2 ਪ੍ਰੈਕਟੀਕਲ | ਬਾਹਰਲੀ ਯੂਨੀ. + ਪ੍ਰੈਕਟੀਕਲ |
|---|---|---|---|---|---|
| ਲੜਕੇ | 9294/- | 3550/- | 10544/- | 10694/- | 12314/- |
| ਲੜਕੀਆਂ | 9150/- | 3550/- | 10400/- | 10550/- | 12170/- |

### ਬੀ.ਕਾਮ. ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ | 12164/- | 12334/- | 3680/- |
| ਲੜਕੀਆਂ | 12020/- | 12190/- | 3680/- |

### ਬੀ.ਕਾਮ.ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. ਅਤੇ ਪ੍ਰੈਕ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ | 9294/- | 10914/- | 3550/- |
| ਲੜਕੀਆਂ | 9150/- | 10770/- | 3550/- |

## ਬੀ. ਐਸ.ਸੀ. ਮੈਡੀਕਲ ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ | 12464/- | 12634/- | 3680/- |
| ਲੜਕੀਆਂ | 12320/- | 12490/- | 3680/- |

## ਬੀ.ਐਸ.ਸੀ. ਮੈਡੀਕਲ ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. ਅਤੇ ਪ੍ਰੈਕ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ | 10844/- | 12464/- | 3550/- |
| ਲੜਕੀਆਂ | 10700/- | 12320/- | 3550/- |

## ਬੀ. ਐਸ.ਸੀ. ਨਾਨ-ਮੈਡੀਕਲ ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ | 12314/- | 12484/- | 3680/- |
| ਲੜਕੀਆਂ | 12170/- | 12340/- | 3680/- |

## ਬੀ.ਐਸ.ਸੀ. ਨਾਨ ਮੈਡੀਕਲ ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. ਅਤੇ ਪ੍ਰੈਕ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ | 10694/- | 12314/- | 3550/- |
| ਲੜਕੀਆਂ | 10550/- | 12170/- | 3550/- |

## ਬੀ. ਸੀ. ਏ. ਭਾਗ ਪਹਿਲਾ (ਫਾਈਨੇਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 28904/- | 29074/- | 20404/- |

## ਬੀ. ਸੀ. ਏ. ਭਾਗ ਦੂਜਾ ਅਤੇ ਤੀਜਾ (ਫਾਈਨੇਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 26284/- | 28914/- | 19294/- |

## ਐਮ.ਏ. ਪੰਜਾਬੀ ਅਤੇ ਇਕਨਾਮਿਕਸ ਭਾਗ ਪਹਿਲਾ ਅਤੇ ਦੂਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ ਭਾਗ ਪਹਿਲਾ | 9365/- | 10965/- | 3580/- |
| ਲੜਕੇ/ਲੜਕੀਆਂ ਭਾਗ ਦੂਜਾ | 9365/- | 10965/- | 3580/- |

## ਐਮ.ਏ. ਅੰਗ੍ਰੇਜ਼ੀ ਭਾਗ ਪਹਿਲਾ (ਫਾਈਨੇਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 23170/- | 24770/- | 17550/- |

## ਐਮ.ਏ. ਅੰਗ੍ਰੇਜ਼ੀ ਭਾਗ ਦੂਜਾ (ਫਾਈਨੇਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 22140/- | 24770/- | 16550/- |

## ਐਮ.ਐਸ.ਸੀ. (ਕਮਿਸਟਰੀ) ਭਾਗ ਪਹਿਲਾ ਫਾਈਨੇਂਸ ਕੋਰਸ ਤਹਿਤ

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 34390/- | 35990/- | 25580/- |

## ਐਮ.ਐਸ.ਸੀ. ਕਮਿਸਟਰੀ ਭਾਗ ਦੂਜਾ ਫਾਈਨੇਂਸ ਕੋਰਸ ਤਹਿਤ

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 34255 | — | 25550 |

## ਐਮ.ਏ. ਮਿਊਜ਼ਿਕ ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 10765/- | 12365/- | 3580/- |

## ਐਮ.ਏ. ਮਿਊਜ਼ਿਕ ਭਾਗ ਦੂਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ.ਸੀ. ਵਿਦਿਆਰਥੀ |
|---|---|---|---|
| ਲੜਕੇ/ਲੜਕੀਆਂ | 10735/- | 12365/- | 3550/- |

ਜੇਕਰ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਪੰਜਾਬ ਸਰਕਾਰ ਵੱਲੋਂ ਉਪਰੋਕਤ ਫੀਸਾਂ/ਫੰਡਾਂ ਵਿਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਫੀਸ ਕੀਤੀ ਗਈ ਤਬਦੀਲੀ ਅਨੁਸਾਰ ਲਈ ਜਾਵੇਗੀ।

# ਵਿਭਾਗੀ ਗਤੀਵਿਧੀਆਂ



ਜੀ ਐਸ ਟੀ ਅਤੇ ਇਨਕਮ ਟੈਕਸ ਵਿਸ਼ੇ ਤੇ ਸੀ. ਏ. ਹਰਪ੍ਰੀਤ ਸਿੰਘ ਜੀ ਅਤੇ ਕਮਰਸ ਵਿਭਾਗ।



"ਕੈਰੀਅਰ ਅਪਰਚੁਨਿਟੀ ਇਨ ਇੰਗਲਿਸ਼ ਇਟਰੇਚਰ" ਵਿਸ਼ੇ ਤੇ ਕਰਵਾਏ ਗਏ ਸੈਮੀਨਾਰ ਦੌਰਾਨ ਅੰਗੇਰਜ਼ੀ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ



ਵੈਦਿਕ ਮੈਥੇਮੈਟਿਕਸ ਵਿਸ਼ੇ ਤੇ ਸੈਮੀਨਾਰ ਕਰਵਾਉਣ ਦੌਰਾਨ ਪ੍ਰਿੰਸੀਪਲ ਅਤੇ ਪ੍ਰੋਫੈਸਰ ਸਾਹਿਬਾਨ।



ਮਾਤ ਭਾਸ਼ਾ ਦਿਵਸ ਮੌਕੇ ਪੰਜਾਬੀ ਵਿਭਾਗ ਅਤੇ ਭਾਸ਼ਾ ਵਿਭਾਗ ਵੱਲੋਂ ਕਵੀ ਦਰਬਾਰ ਕਰਵਾਉਣ ਸਮੇਂ ਯਾਦਗਾਰੀ ਪਲ।



ਫਿਲਾਸਫੀ ਵਿਭਾਗ ਵਿਖੇ ਅਧਿਆਪਕ ਦਿਵਸ ਮਨਾਉਂਦੇ ਹੋਏ



ਕੰਪਿਊਟਰ ਐਪਲੀਕੇਸ਼ਨ ਵਿਭਾਗ ਵੱਲੋਂ ਸਾਫਟਵੇਅਰ ਪ੍ਰਬੰਧਨ ਅਤੇ ਕੈਰੀਅਰ ਦੇ ਮੌਕੇ ਦੇ ਵਿਸ਼ੇ ਤੇ ਸੈਮੀਨਾਰ ਦੌਰਾਨ।




'ਵਿਸ਼ਵ ਕਵਿਤਾ ਦਿਵਸ' ਮੌਕੇ ਕਵਿਤਾ ਉਚਾਰਨ ਮੁਕਾਬਲੇ ਸਮੇਂ ਪ੍ਰੋ. ਰਾਜੇਸ਼ ਮੋਹਨ, ਪ੍ਰੋ. ਸੋਨਿਕਾ ਰਾਣੀ ਅਤੇ ਵਿਦਿਆਰਥੀ।



ਸਰਕਾਰੀ ਮੱਛੀ ਫਾਰਮ ਵਿਖੇ ਮੱਛੀ ਪਾਲਣ ਬਾਰੇ ਜਾਣਕਾਰੀ ਪ੍ਰਾਪਤ ਕਰਨ ਮੌਕੇ ਜ਼ੁਆਲੋਜੀ ਵਿਭਾਗ ਦੇ ਪ੍ਰੋ. ਵਰਿੰਦਰ ਮੱਕੜ ਅਤੇ ਵਿਦਿਆਰਥੀ।



ਵਿਸ਼ਵ ਓਜ਼ੋਨ ਦਿਵਸ ਮੌਕੇ ਕਰਵਾਏ ਭਾਸ਼ਣ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੰਦੇ ਹੋਏ ਪ੍ਰਿੰਸੀਪਲ ਸ੍ਰੀ ਰਾਜੇਸ਼ ਕੁਮਾਰ ਖਣਗਵਾਨ ਅਤੇ ਭੂਗੋਲ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ



ਬਨਸਪਤੀ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕ ਪੌਦੇ ਲਗਾਉਂਦੇ ਹੋਏ

# ਵਿਭਾਗੀ ਗਤੀਵਿਧੀਆਂ



ਫਿਜਿਕਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਇੰਡਸਟਰੀ ਦਾ ਦੌਰਾ



ਸੰਗੀਤ ਵਿਭਾਗ ਦੇ ਅਧਿਆਪਕ ਵਿਭਾਗੀ ਪ੍ਰੋਗਰਾਮ ਮੌਕੇ




ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਅਤੇ ਪ੍ਰੋਫੈਸਰ ਸਾਹਿਬਾਨ
ਵੇਰਕਾ ਮਿਲਕ ਪਲਾਂਟ, ਬਠਿੰਡਾ ਦੇ ਇੰਡਸਟਰੀ ਦੇ ਦੌਰੇ ਦੌਰਾਨ



ਸਰੀਰਕ ਸਿੱਖਿਆ ਵਿਭਾਗ ਦੇ ਵਿਦਿਆਰਥੀ ਖੇਡ ਸਮਾਰੋਹ ਦੌਰਾਨ




ਕਮਿਸਟਰੀ ਵਿਭਾਗ ਵੱਲੋਂ ਆਯੋਜਿਤ ਸੈਮੀਨਾਰ ਦੌਰਾਨ



ਅਰਥ ਸ਼ਾਸਤਰ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕ




ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਕਰਵਾਇਆ ਗਿਆ ਸੈਮੀਨਾਰ



ਇਤਿਹਾਸ ਵਿਭਾਗ ਵੱਲੋਂ 'ਵਰਲਡ ਸਮਾਇਲ ਡੇ' ਮੌਕੇ ਐਕਸਟੈਂਪਰ ਕੰਪੀਟੀਸ਼ਨ ਦੌਰਾਨ
ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ।




ਪ੍ਰਿੰਸੀਪਲ ਅਤੇ ਸਟਾਫ ਮੈਂਬਰ ਬੀ.ਏ. ਭਾਗ ਤੀਜਾ ਦੇ ਵਿਦਿਆਰਥੀ ਨਾਲ
ਜਿਨ੍ਹਾਂ ਨੇ ਕੰਪਿਊਟਰ ਦਾ ਬੇਸਿਕ ਕੋਰਸ ਪੂਰਾ ਕੀਤਾ।



ਡਾ. ਰਜੇਸ਼ ਮੋਹਨ ਦੀ ਕਿਤਾਬ ਲੋਕ ਅਰਪਣ ਕਰਦੇ ਹੋਏ

# ਸਹਿ-ਵਿੱਦਿਅਕ ਗਤੀਵਿਧੀਆਂ



ਬਾਬਾ ਫਰੀਦ ਆਗਮਨ ਪੁਰਬ ਦੇ ਮੌਕੇ ਤੇ ਖ਼ੂਨ ਦਾਨ ਕੈਂਪ



ਖ਼ੂਨ ਦਾਨ ਕੈਂਪ ਦੌਰਾਨ ਖ਼ੂਨ ਦਾਨ ਕਰਦੇ ਹੋਏ ਕਾਲਜ ਦੇ ਪ੍ਰਿੰਸੀਪਲ



ਇੰਟਰ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਦੇ ਜੇਤੂ ਵਿਦਿਆਰਥੀ।



ਐਸ.ਸੀ. ਸਕਾਲਰਸ਼ਿਪ ਬਾਰੇ ਸੈਮੀਨਾਰ ਦੌਰਾਨ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਵਰਿੰਦਰ ਕੌਰ,
ਮਾਹਿਰ ਸ. ਗੁਰਮੀਤ ਸਿੰਘ ਕੜਿਆਲਵੀ, ਸਕਾਲਰਸ਼ਿਪ ਇੰਚਾਰਜ, ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ।



IQAC ਦੀ ਮੀਟਿੰਗ ਦੌਰਾਨ ਪ੍ਰਿੰਸੀਪਲ ਰਾਜੇਸ਼ ਕੁਮਾਰ, ਇੰਚਾਰਜ ਪ੍ਰੋ. ਪਰਮਜੀਤ ਕੌਰ,
ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ



ਜ਼ਿਲ੍ਹਾ ਪੱਧਰੀ ਓਪਨ ਯੁਵਕ ਫੈਸਲੀਵਲ ਦੌਰਾਨ ਕਾਰਜਕਾਰੀ ਪ੍ਰਿੰਸੀਪਲ ਪੂਜਾ ਭੱਲਾ, ਸਾਬਕਾ ਪ੍ਰਿੰਸੀਪਲ ਪ੍ਰੋ. ਪਰਮਿੰਦਰ ਸਿੰਘ,
ਇੰਚਾਰਜ ਪ੍ਰੋ. ਸੁਖਜੀਤ ਸਿੰਘ, ਪ੍ਰੋ. ਨਛੱਤਰ ਸਿੰਘ, ਪ੍ਰੋਫੈਸਰ ਸਾਹਿਬਾਨ ਅਤੇ ਮਲਵੱਈ ਗਿੱਧੇ ਦੇ ਵਿਦਿਆਰਥੀ।



ਅੱਖਾਂ ਦਾਨ ਪੰਦਰਵਾੜਾ ਮਨਾਉਂਦੇ ਹੋਏ ਕਾਲਜ ਦੇ ਵਿਦਿਆਰਥੀ ਸਿਹਤ ਵਿਭਾਗ ਦੇ ਕਰਮਚਾਰੀਆਂ ਨਾਲ



ਯੁਵਾ ਸੰਵਾਦ: ਭਾਰਤ @2047 ਮਨਾਉਂਦੇ ਹੋਏ ਵਿਦਿਆਰਥੀ ਅਤੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ



ਵਿਰਾਸਤੀ ਮੇਲਾ 2023



ਵੋਟਰ ਜਾਗਰੁਕਤਾ ਅਭਿਆਨ

# ਸਹਿ-ਵਿੱਦਿਅਕ ਗਤੀਵਿਧੀਆਂ



ਕਾਲਜ ਨੂੰ ਜ਼ੋਨਲ ਯੂਥ ਫੈਸਟੀਵਲ ਵਿੱਚੋਂ ਓਵਰ ਆਲ ਪਹਿਲੀ ਪੁਜ਼ੀਸ਼ਨ ਮਿਲਣ ਉਪਰੰਤ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ, ਪ੍ਰਿੰਸੀਪਲ, ਸਟਾਫ਼ ਮੈਂਬਰ ਅਤੇ ਜੇਤੂ ਵਿਦਿਆਰਥੀ।



ਸ਼ੇਖ ਬਾਬਾ ਫਰੀਦ ਆਗਮਨ ਪੁਰਬ ਦੇ ਅਵਸਰ ਤੇ ਸ. ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ., ਫਰੀਦਕੋਟ, ਯੂਥ ਕੋਆਰਡੀਨੇਟਰ, ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ ਹੈਰੀਟੇਜ ਵਾਕ ਦੌਰਾਨ।



ਕਾਲਜ ਨੂੰ ਦੁਬਾਰਾ ਐਨ.ਸੀ.ਸੀ. ਯੂਨਿਟ ਅਲਾਟ ਹੋਣ ਦੇ ਮੌਕੇ ਤੇ ਉਦਘਾਟਨੀ ਸਮਾਰੋਹ ਦੌਰਾਨ ਪ੍ਰਿੰਸੀਪਲ, ਡੀ.ਸੀ. ਫਰੀਦਕੋਟ ਸ੍ਰੀ ਵਿਨੀਤ ਕੁਮਾਰ, ਕਮਾਂਡਿੰਗ ਅਫਸਰ ਐਮ.ਐਲ. ਸ਼ਰਮਾ (ਕਰਨਲ), ਅਤੇ ਐਨ.ਸੀ.ਸੀ ਇੰਚਾਰਜ ਡਾ. ਸ਼ਿਵ ਸ਼ਕਤੀ।



ਯੋਗਾ ਕੈਂਪ ਦੌਰਾਨ ਪ੍ਰੋਫੈਸਰ ਸਾਹਿਬਾਨ ਯੋਗ ਦੀ ਪ੍ਰੈਕਟਿਸ ਕਰਦੇ ਹੋਏ।




ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਪ੍ਰਿੰਸੀਪਲ, ਮੁੱਖ ਵਕਤਾ , ਐਨ.ਐਸ.ਐਸ., ਰੈੱਡ ਰਿਬਨ ਕਲੱਬ ਦੇ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ



ਕਾਲਜ ਦੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਵਾਈ ਜਾਂਦੀ ਕੰਧ ਪਤਰਿਕਾ ਦੇ ਜੇਤੂਆਂ ਨੂੰ ਇਨਾਮ ਦਿੰਦੇ ਹੋਏ ਪ੍ਰਿੰਸੀਪਲ, ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ।



ਜ਼ੋਨਲ ਯੂਥ ਫੈਸਟੀਵਲ (ਬਠਿੰਡਾ-ਫਰੀਦਕੋਟ ਜ਼ੋਨ) ਦੇ ਜੇਤੂ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ।



ਇੰਸਟੀਚਿਊਸ਼ਨਲ ਇਨੋਵੇਸ਼ਨ ਕਾਊਂਸਲ ਵੱਲੋਂ ਆਯੋਜਿਤ ਪ੍ਰੋਗਰਾਮ ਦੇ ਜੇਤੂ ਵਿਦਿਆਰਥੀ।



ਐਨ.ਐਸ.ਐਸ. ਇੱਕ ਰੋਜ਼ਾ ਕੈਂਪ




ਸ਼ਿਕਰਾ ਈਕੋ ਕਲੱਬ ਤੇ ਬਾਟਨੀ ਵਿਭਾਗ ਵੱਲੋਂ ਸਿੰਗਲ ਵਰਤੋਂ ਅਧੀਨ ਪਲਾਸਟਿਕ ਨੂੰ ਕਾਲਜਾਂ ਵਿੱਚ ਬੈਨ ਕਰਨ ਤੇ ਇਸਦੇ ਦੁਸ਼ ਪ੍ਰਭਾਵਾਂ ਬਾਰੇ ਵਿਸ਼ੇ ਤੇ ਇੱਕ ਵਾਤਾਵਰਨ ਬਚਾਓ ਸੈਮੀਨਾਰ ਦੌਰਾਨ।

# ਸਹਿ-ਵਿੱਦਿਅਕ ਗਤੀਵਿਧੀਆਂ



ਇੰਟਰ-ਕਾਲਜ਼ ਕ੍ਰਿਕਟ ਮੈਚ ਜਿੱਤਣ ਮੌਕੇ ਕਾਲਜ਼ ਟੀਮ




ਮਹਾਤਮਾ ਗਾਂਧੀ ਜੀ ਦੀ ਜਯੰਤੀ ਮੌਕੇ ਕਾਲਜ ਵਿੱਚ ਚਲਾਇਆ ਗਿਆ ਸਵੱਛ ਭਾਰਤ ਅਭਿਆਨ



ਨੈਕ ਟੀਮ ਦਾ ਕਾਲਜ਼ ਵਿਖੇ ਪਹੁੰਚਣ ਮੌਕੇ ਸਵਾਗਤ ਕਰਦੇ ਹੋਏ




ਕਾਲਜ਼ ਕਾਊਂਸਲ ਲਾਇਬਰੇਰੀ ਦੀ ਇੰਸਪੈਕਸ਼ਨ ਮੌਕੇ




ਕਾਲਜ਼ ਦੇ ਵਿਦਿਆਰਥੀ ਇੰਡਸਟਰੀਅਲ ਵਿਜ਼ਿਟ ਦੌਰਾਨ ਏਵਨ ਸਾਈਕਲਜ਼ ਲੁਧਿਆਣਾ ਵਿਖੇ



ਪੰਜਾਬੀ ਵਿਭਾਗ ਅਤੇ ਕੈਰੀਅਰ ਗਾਇਡੈਂਸ ਅਤੇ ਪਲੇਸਮੈਂਟ ਸੈੱਲ ਵੱਲੋਂ ਕਰਵਾਈ ਗਈ ਕਾਨਫਰੰਸ ਮੌਕੇ ਅਧਿਆਪਕ ਅਤੇ ਮੁੱਖ ਮਹਿਮਾਨ



ਕਾਲਜ਼ ਦੇ ਵਿਦਿਆਰਥੀ ਸਾਈਕਲ ਰੈਲੀ ਦੌਰਾਨ



ਨੁੱਕੜ ਨਾਟਕ ਦੀ ਟੀਮ




ਕਾਲਜ਼ ਵਿਖੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਉਂਦੇ ਹੋਏ



ਕਾਲਜ਼ ਦੇ ਵਿਦਿਆਰਥੀ ਅਤੇ ਅਧਿਆਪਕ ਸਾਲਾਨਾ ਪਾਠ ਮੌਕੇ



ਨੈਕ ਇੰਸਪੈਕਸ਼ਨ ਟੀਮ ਦੀ ਵਿਜਿਟ ਦੌਰਾਨ ਨੈਕ ਦੀ ਟੀਮ ਅਤੇ ਕਾਲਜ ਦੇ ਅਧਿਆਪਕ ਸਾਹਿਬਾਨ

## ਅਕਾਦਮਿਕ

### ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੈਰਿਟ ਲਿਸਟ ਵਿੱਚ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ



**ਸਿਮਰਨਪ੍ਰੀਤ ਕੌਰ**
ਐਮ.ਏ.-II (ਇਕ.)
ਪਹਿਲਾ ਸਥਾਨ



**ਪ੍ਰੋਮਿਲਾ ਰਾਣੀ**
ਐਮ.ਏ.-II (ਇਕ.)
ਪੰਜਵਾਂ ਸਥਾਨ



**ਗੁਰਪ੍ਰੀਤ ਕੌਰ**
ਐਮ.ਏ.-II (ਅੰਗਰੇਜ਼ੀ)
ਦੂਜਾ ਸਥਾਨ



**ਮਨਪ੍ਰੀਤ ਕੌਰ**
ਐਮ.ਏ.-II (ਅੰਗਰੇਜ਼ੀ)
ਤੀਜਾ ਸਥਾਨ



**ਮੁਸਕਾਨ**
ਐਮ.ਏ.-II (ਅੰਗਰੇਜ਼ੀ)
ਤੀਜਾ ਸਥਾਨ



**ਹਰਪ੍ਰੀਤ ਕੌਰ**
ਐਮ.ਏ.-II (ਅੰਗਰੇਜ਼ੀ)
ਚੌਥਾ ਸਥਾਨ



**ਅਰਸ਼ਦੀਪ ਕੌਰ**
ਐਮ.ਏ.-II (ਅੰਗਰੇਜ਼ੀ)
ਪੰਜਵਾਂ ਸਥਾਨ